ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 217 | Monday, November 14, 2022 | Tel: 905-793-2202 | Fax: 905-793-2282 | news@punjabipost.ca | *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਵਾਅਨ ਬੱਸ ਹਾਦਸੇ ਵਿੱਚ 2 ਜ਼ਖ਼ਮੀ



ਵਾਅਨ, 13 ਨਵੰਬਰ (ਪੋਸਟ ਬਿਊਰੋ) : ਵਾਅਨ ਵਿੱਚ ਵੀਵਾ ਟਰਾਂਜ਼ਿਟ ਬੱਸ ਦੇ ਕਾਰ ਨਾਲ ਟਕਰਾ ਜਾਣ ਕਾਰਨ ਦੋ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ।

ਬੱਸ ਤੇ ਇੱਕ ਹੋਰ ਵਾਹਨ ਵਿੱਚ ਹੋਈ ਟੱਕਰ ਤੋਂ ਬਾਅਦ ਪੁਲਿਸ ਨੂੰ ਦੁਪਹਿਰੇ 1:00 ਵਜੇ ਬਾਥਰਸਟ ਸਟਰੀਟ ਤੇ ਐਟਕਿੰਸਨ ਐਵਨਿਊ ਸੱਦਿਆ ਗਿਆ। ਇੱਕ ਚਸ਼ਮਦੀਦ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬੱਸ ਉੱਤਰ ਵਾਲੇ ਪਾਸੇ ਆਪਣੀ ਲੇਨ ਵਿੱਚ ਜਾ ਰਹੀ ਸੀ ਜਦੋਂ ਉਸ ਨੇ ਆਪਣੀ ਲੇਨ ਵਿੱਚ ਪਹੁੰਚੀ ਇੱਕ ਕਾਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਹਾਦਸਾ ਵਾਪਰ ਗਿਆ।

ਇਸ ਕਾਰਨ ਬੱਸ ਵਿੱਚ ਸਵਾਰ ਦੋ ਵਿਅਕਤੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ। ਪੁਲਿਸ ਨੇ ਦੱਸਿਆ ਕਿ ਹਾਦਸੇ ਦੇ ਅਸਲ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।


## ਗੈਸ ਟੈਕਸ ਕੱਟ ਵਿੱਚ ਇੱਕ ਸਾਲ ਲਈ ਹੋਰ ਵਾਧੇ ਦਾ ਫੋਰਡ ਨੇ ਕੀਤਾ ਐਲਾਨ



ਓਨਟਾਰੀਓ, 13 ਨਵੰਬਰ (ਪੋਸਟ ਬਿਊਰੋ) : ਪੰਪ ਉੱਤੇ ਪੈਸੇ ਬਚਾਉਣ ਲਈ ਓਨਟਾਰੀਓ ਵਾਸੀਆਂ ਨੂੰ ਜਿਸ ਟੈਕਸ ਕੱਟ ਦੀ ਲੋੜ ਸੀ ਉਸ ਆਰਜ਼ੀ ਟੈਕਸ ਕੱਟ ਨੂੰ ਇੱਕ ਸਾਲ ਲਈ ਹੋਰ ਵਧਾ ਦਿੱਤਾ ਗਿਆ ਹੈ। ਇਸ ਸਬੰਧੀ ਐਲਾਨ ਐਤਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਵੱਲੋਂ ਕੀਤਾ ਗਿਆ।

ਡੱਗ ਫੋਰਡ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਅਜਿਹਾ ਬਿੱਲ ਲਿਆਉਣਾ ਚਾਹੁੰਦੀ ਹੈ ਜਿਸ ਰਾਹੀਂ ਗੈਸ ਦੀਆਂ ਕੀਮਤਾਂ ਨੂੰ 5·7 ਸੈਂਟ ਪ੍ਰਤੀ ਲੀਟਰ ਤੱਕ ਘਟਾਉਣ ਵਾਲੀ ਟੈਕਸ ਬ੍ਰੇਕ ਨੂੰ 2023 ਦੇ ਅੰਤ ਤੱਕ ਜਾਰੀ ਰੱਖਿਆ ਜਾ ਸਕੇ। ਇਹ ਕਟੌਤੀ ਸੱਭ ਤੋਂ ਪਹਿਲਾਂ ਪਹਿਲੀ ਜੁਲਾਈ ਨੂੰ ਪ੍ਰਭਾਵੀ ਹੋਈ ਸੀ ਤੇ ਇਸ ਦੀ ਮਿਆਦ 31 ਦਸੰਬਰ ਨੂੰ ਮੁੱਕਣ ਵਾਲੀ ਸੀ। ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਇੱਕ ਗੈਸ ਸਟੇਸ਼ਨ ਉੱਤੇ ਗੱਲ ਕਰਦਿਆਂ ਫੋਰਡ ਨੇ ਆਖਿਆ ਕਿ ਸਾਨੂੰ ਪਤਾ ਹੈ ਕਿ ਹਰ ਡਾਲਰ ਮਦਦ ਕਰਦਾ ਹੈ। ਇਹ ਗੈਸ ਟੈਕਸ ਕਟੌਤੀ ਓਨਟਾਰੀਓ ਵਾਸੀਆਂ ਦੇ ਪੈਸੇ ਬਚਾਉਣ ਲਈ ਕੀਤਾ ਜਾਣ ਵਾਲਾ ਸਾਡੀ ਸਰਕਾਰ ਦਾ ਇੱਕ ਹੋਰ ਉਪਰਾਲਾ ਹੈ। ...ਬਾਕੀ ਸਫਾ 2 'ਤੇ

## ਦੁਨੀਆਂ ਦੇ 100 ਬਿਹਤਰੀਨ ਸ਼ਹਿਰਾਂ ਵਿੱਚੋਂ ਪੰਜ ਕੈਨੇਡਾ ਦੇ



ਓਟਵਾ, 13 ਨਵੰਬਰ (ਪੋਸਟ ਬਿਊਰੋ) : 2023 ਲਈ ਇਸ ਹਫਤੇ ਜਾਰੀ ਹੋਈ ਦਰਜੇਬੰਦੀ ਦੇ ਹਿਸਾਬ ਨਾਲ ਕੈਨੇਡਾ ਦੇ ਪੰਜ ਸ਼ਹਿਰਾਂ ਨੂੰ ਦੁਨੀਆਂ ਭਰ ਦੇ ਸ਼ਹਿਰਾਂ ਵਿੱਚੋਂ ਬਿਹਤਰੀਨ ਦੱਸਿਆ ਗਿਆ ਹੈ।

ਜਿਨ੍ਹਾਂ ਸ਼ਹਿਰਾਂ ਦੀ ਇੱਥੇ ਗੱਲ ਕੀਤੀ ਜਾ ਰਹੀ ਹੈ ਉਨ੍ਹਾਂ ਦੀ ਆਬਾਦੀ ਇੱਕ ਮਿਲੀਅਨ ਤੋਂ ਜ਼ਿਆਦਾ ਹੈ। ਬੀਸੀ ਦੀ ਇੱਕ ਮਾਰਕਿਟਿੰਗ ਕੰਸਲਟੈਂਸੀ ਰੈਜ਼ੋਨੈਂਸ ਕੰਸਲਟੈਂਸੀ ਦੀ ਵਰਲਡਜ਼ ਬੈਸਟ ਸਿਟੀਜ਼ ਰਿਪੋਰਟ ਅਨੁਸਾਰ ਇਨ੍ਹਾਂ ਸ਼ਹਿਰਾਂ ਵਿੱਚ ਟੋਰਾਂਟੋ, ਮਾਂਟਰੀਅਲ, ਕੈਲਗਰੀ, ਵੈਨਕੂਵਰ ਤੇ ਓਟਵਾ ਪਹਿਲੇ 100 ਸ਼ਹਿਰਾਂ ਵਿੱਚ ਸ਼ਾਮਲ ਹਨ। ਇਸ ਸੂਚੀ ਨੂੰ ਜਾਰੀ ਕਰਨ ਵਾਲਿਆਂ ਨੇ ਦੱਸਿਆ ਕਿ ਇਹ ਦਰਜੇਬੰਦੀ ਵੱਡੀ ਪੱਧਰ ਉੱਤੇ ਕਈ ਕਾਰਕਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਂਦੀ ਹੈ। ਇਨ੍ਹਾਂ ਲਈ ਮੁੱਖ ਤੌਰ ਉੱਤੇ ਰੋਜ਼ਗਾਰ ਮੁਹੱਈਆ ਕਰਵਾਉਣਾ, ਨਿਵੇਸ਼ ਤੇ ਟੂਰਿਜ਼ਮ ਆਦਿ ਵਰਗੇ ਕਾਰਕ ਜ਼ਿੰਮੇਵਾਰ ਹੁੰਦੇ ਹਨ। ...ਬਾਕੀ ਸਫਾ 2 'ਤੇ

## ਟੋਰਾਂਟੋ ਦੀ ਡਿਸਪੈਂਸਰੀ ਤੋਂ ਮਿਲੇ ਮੈਜਿਕ ਮਸ਼ਰੂਮ, ਨਸ਼ੀਲੇ ਪਦਾਰਥ, ਦੋ ਗ੍ਰਿਫਤਾਰ



ਟੋਰਾਂਟੋ, 13 ਨਵੰਬਰ (ਪੋਸਟ ਬਿਊਰੋ) : ਮੈਜਿਕ ਮਸ਼ਰੂਮ ਤੇ ਇਸ ਤਰ੍ਹਾਂ ਦੇ ਹੋਰ ਉਤਪਾਦ ਵੇਚਣ ਵਾਲੇ ਸਟੋਰ ਦੀ ਜਾਂਚ ਕੀਤੇ ਜਾਣ ਤੋਂ ਬਾਅਦ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ।

ਟੋਰਾਂਟੋ ਪੁਲਿਸ ਨੇ ਸ਼ੁੱਕਰਵਾਰ ਨੂੰ ਆਖਿਆ ਕਿ ਸ਼ਰੂਮਿਜ਼ ਨਾਂ ਦੀ ਇੱਕ ਥਾਂ ਦੀ ਤਲਾਸ਼ੀ ਲੈਣ ਲਈ ਉਨ੍ਹਾਂ ਵੱਲੋਂ ਅਪਲਾਈ ਕੀਤਾ ਗਿਆ ਸੀ ਤੇ ਉਨ੍ਹਾਂ ਨੂੰ ਕੰਟਰੋਲਡ ਡਰੱਗ ਐਂਡ ਸਬਸਟਾਂਸਿਜ਼ ਐਕਟ ਤਹਿਤ ਇਹ ਸਰਚ ਵਾਰੰਟ ਮਿਲ ਗਏ। ਇਹ ਪਤਾ ਲੱਗਿਆ ਸੀ ਕਿ ਇਸ ਸਟੋਰ ਉੱਤੇ ਸਿਲੋਸਿਬਿਨ ਤੇ ਇਸ ਤੋਂ ਤਿਆਰ ਖਾਣਯੋਗ ਵਸਤਾਂ ਵੇਚੀਆਂ ਜਾਂਦੀਆਂ ਹਨ। ਇਹ ਡਿਸਪੈਂਸਰੀ ਕੁਈਨ ਸਟਰੀਟ ਵੈਸਟ ਤੇ ਡੈਨੀਸਨ ਐਵਨਿਊ ਨੇੜੇ ਸਥਿਤ ਹੈ।

ਪੁਲਿਸ ਵੱਲੋਂ ਸ਼ਨਿੱਚਰਵਾਰ ਨੂੰ ਸ਼ਰੂਮੀਜ਼ ਉੱਤੇ ਛਾਪਾ ਮਾਰਿਆ ਗਿਆ ਤੇ ਇੱਥੋਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ...ਬਾਕੀ ਸਫਾ 2 'ਤੇ


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

GURBIR CHAHAL
416.566.7605
gurbir.chahal@yahoo.com
ROYAL LePAGE Flower City Realty

NOW HIRING !!! ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

HOME APPLIANCES STORE
ANNIVERSARY SPECIAL DEAL
PRICE $5199* NO TAX
UPGRADE LAUNDRY IN JUST $99*
KitchenAid Maytag LG Samsung Electrolux Jennair Bosch Whirlpool moffat
416-551-5553 WWW.OURRHOMEAPPLIANCES.COM

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

Pure Vegetarian MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control : Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL 416 938 4598

ਨਵਾਂ ਘਾਹ ਲਵਾਉ 647-784-1213 www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

## ਅੱਜ ਨਾਮਾ

ਵਧਦਾ ਜਾਂਦਾ ਪੰਜਾਬ ਵਿੱਚ ਗੰਨ ਕਲਚਰ,
ਨਿੱਤ ਦਿਨ ਹੋਈ ਜਾਂਦੀ ਠਾਹ-ਠਾਹ ਬੇਲੀ।
ਖੜਕਦੇ ਨਿੱਤ ਪਟਾਕੇ ਕਈ ਪੈਲਸਾਂ ਵਿੱਚ,
ਕਿਸੇ ਦੀ ਰੋਕਣ ਦੀ ਕੋਈ ਨਾ ਵਾਹ ਬੇਲੀ।
ਕਰੋ ਕੁਝ ਹੋਸ਼ ਤੇ ਫਾਇਰ ਨਾ ਕਰੋ ਭਾਈ,
ਕੋਈ ਨਹੀਂ ਸੁਣੇ, ਨਾ ਦੇਂਦਾ ਸਲਾਹ ਬੇਲੀ।
ਆਈ ਸਰਕਾਰ ਨੂੰ ਕੁਝ ਕੁ ਅਕਲ ਲੱਗੀ,
ਸੋਚਿਆ ਉਹਨੇ ਨਜਿੱਠਣ ਦਾ ਰਾਹ ਬੇਲੀ।
ਹੋਣੀ ਲਾਇਸੈਂਸਾਂ ਦੀ ਸਭ ਪੜਤਾਲ ਬੇਲੀ,
ਵੇਖਣਾ ਮਾਲਕ ਦਾ ਪੂਰਾ ਕਿਰਦਾਰ ਬੇਲੀ।
ਔਕੜ ਇਹ ਕਿ ਰਿਸ਼ਵਤ ਹੈ ਬੜੀ ਬੇਲੀ,
ਉਹ ਬਦਮਾਸ਼ਾਂ ਦੇ ਹੱਥ-ਹਥਿਆਰ ਬੇਲੀ।

**ਤੀਸ ਮਾਰ ਖਾਂ**

# ਗੈਸ ਟੈਕਸ ਕੱਟ ਵਿੱਚ ਇੱਕ ਸਾਲ ਲਈ ਹੋਰ ਵਾਧੇ ਦਾ ਫੋਰਡ ਨੇ ਕੀਤਾ ਐਲਾਨ

.....ਪੰਨਾ 1 ਦਾ ਬਾਕੀ

ਫੋਰਡ ਨੇ ਆਖਿਆ ਕਿ ਇਹ ਫੈਸਲਾ ਲੈਣ ਪਿੱਛੇ ਵੱਡਾ ਕਾਰਨ ਮਹਿੰਗਾਈ ਵਿੱਚ ਹੋਇਆ ਵਾਧਾ ਤੇ ਗਲੋਬਲ ਪੱਧਰ ਉੱਤੇ ਅਰਥਚਾਰੇ ਵਿੱਚ ਚੱਲ ਰਹੀ ਅਸਥਿਰਤਾ ਹੈ। ਇਸ ਨਾਲ ਡੀਜ਼ਲ ਦੀਆਂ ਕੀਮਤਾਂ ਵਿੱਚ 5.3 ਸੈਂਟ ਪ੍ਰਤੀ ਲੀਟਰ ਦੇ ਘਾਟੇ ਨੂੰ ਵੀ ਬਰਕਰਾਰ ਰੱਖਿਆ ਜਾਵੇਗਾ। ਫੋਰਡ ਦੇ ਅੰਦਾਜ਼ੇ ਮੁਤਾਬਕ ਇਸ ਟੈਕਸ ਕਟੌਤੀ ਨਾਲ ਔਸਤ ਘਰਾਂ ਨੂੰ 18 ਮਹੀਨਿਆਂ ਦੇ ਅਰਸੇ ਦੌਰਾਨ 195 ਡਾਲਰ ਦੀ ਬਚਤ ਹੋਵੇਗੀ। 2023 ਦੇ ਅੰਤ ਤੱਕ ਪ੍ਰੋਵਿਸ ਵਿੱਚ ਗੈਸ ਤੇ ਡੀਜ਼ਲ ਉੱਤੇ ਟੈਕਸ ਦੀ ਦਰ 9 ਸੈਂਟ ਪ੍ਰਤੀ ਲੀਟਰ ਰਹੇਗੀ।

ਇਸ ਫੈਸਲੇ ਉੱਤੇ ਵਿਰੋਧੀ ਧਿਰ ਐਨਡੀਪੀ ਨੇ ਆਖਿਆ ਕਿ ਪ੍ਰੀਮੀਅਰ ਨੂੰ ਗੈਸ ਟੈਕਸ ਸਕੀਮ ਵਿੱਚ ਕਟੌਤੀ ਦੀ ਥਾਂ ਗਰੌਸਰੀ, ਹਾਊਸਿੰਗ ਤੇ ਰਹਿਣ ਸਹਿਣ ਦੀਆਂ ਕੀਮਤਾਂ ਨੂੰ ਠੱਲ੍ਹ ਪਾਉਣ ਵੱਲ ਧਿਆਨ ਦੇਣਾ ਚਾਹੀਦਾ ਸੀ। ਪ੍ਰੋਵਿੰਸ ਦੀ ਇਕਨੌਮਿਕ ਸਟੇਟਮੈਂਟ ਦੇ ਨਾਲ ਹੀ ਸੋਮਵਾਰ ਨੂੰ ਟੈਕਸ ਕਟੌਤੀ ਸਬੰਧੀ ਇਹ ਬਿੱਲ ਪੇਸ਼ ਕੀਤਾ ਜਾਵੇਗਾ।

ਇਸ ਦੌਰਾਨ ਫੋਰਡ ਨੂੰ ਐਤਵਾਰ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਕੀ ਮਾਸਕ ਸਬੰਧੀ ਨਿਯਮਾਂ ਨੂੰ ਸਰਕਾਰ ਮੁੜ ਲਾਗੂ ਕਰਨ ਜਾ ਰਹੀ ਹੈ ਤਾਂ ਪ੍ਰੀਮੀਅਰ ਵੱਲੋਂ ਇਸ ਦਾ ਗੋਲ ਜਿਹਾ ਜਵਾਬ ਦਿੱਤਾ ਗਿਆ। ਇਹ ਕਨਸੋਆਂ ਵੀ ਹਨ ਕਿ ਓਨਟਾਰੀਓ ਦੇ ਉੱਘੇ ਡਾਕਟਰ ਕੀਰਨ ਮੂਰ ਵੱਲੋਂ ਸੋਮਵਾਰ ਨੂੰ ਜਨਤਾ ਨੂੰ ਮੁੜ ਮਾਸਕ ਪਾਉਣ ਦੀ ਸਿਫਾਰਿਸ਼ ਕੀਤੀ ਜਾਵੇਗੀ। ਫੋਰਡ ਨੇ ਆਖਿਆ ਕਿ ਉਹ ਹਰ ਵਿਅਕਤੀ ਨੂੰ ਅਪੀਲ ਕਰਦੇ ਹਨ ਕਿ ਲੋੜ ਪੈਣ ਉੱਤੇ ਮਾਸਕ ਲਾ ਕੇ ਰੱਖੇ ਤੇ ਖਾਸਤੌਰ ਉੱਤੇ ਜਿਨ੍ਹਾਂ ਨੂੰ ਸਾਹ ਸਬੰਧੀ ਪਰੇਸ਼ਾਨੀਆਂ ਹਨ ਉਹ ਤਾਂ ਅਜਿਹਾ ਜ਼ਰੂਰ ਕਰਨ। ਉਨ੍ਹਾਂ ਇਹ ਵੀ ਆਖਿਆ ਕਿ ਜਦੋਂ ਮਾਸਕ ਸਬੰਧੀ ਨਿਯਮਾਂ ਦੀ ਗੱਲ ਆਵੇਗੀ ਤਾਂ ਉਹ ਡਾ. ਮੂਰ ਦੇ ਹੁਕਮਾਂ ਦੀ ਪਾਲਣਾ ਕਰਨਗੇ।

# ਵੈਨ ਨੂੰ ਪੇਸ਼ ਆਏ ਹਾਦਸੇ ਵਿੱਚ ਇੱਕ ਗੰਭੀਰ ਜ਼ਖ਼ਮੀ




ਇਟੋਬੀਕੋ, 13 ਨਵੰਬਰ (ਪੋਸਟ ਬਿਊਰੋ) : ਇਟਬੀਕੋ ਵਿੱਚ ਇੱਕਲੀ ਗੱਡੀ ਨੂੰ ਪੇਸ਼ ਆਏ ਹਾਦਸੇ ਤੋਂ ਬਾਅਦ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਇਲਾਜ ਲਈ ਉਸ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਐਤਵਾਰ ਨੂੰ ਸ਼ਾਮੀਂ 5:00 ਵਜੇ ਤੋਂ ਪਹਿਲਾਂ ਬਲੂਅਰ ਸਟਰੀਟ ਦੇ ਦੱਖਣ ਵੱਲ ਰੌਇਲ ਯੌਰਕ ਰੋਡ ਉੱਤੇ ਇੱਕ ਵੈਨ ਗਾਰਡਰੇਲ ਨਾਲ ਟਕਰਾ ਕੇ ਖੱਡ ਵਿੱਚ ਜਾ ਡਿੱਗੀ। ਪੈਰਾਮੈਡਿਕਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇੱਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਜਿੱਥੇ ਉਸ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਫਾਇਰ ਅਧਿਕਾਰੀਆਂ ਨੇ ਦੱਸਿਆ ਕਿ ਕਿਸੇ ਹੋਰ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਟੋਰਾਂਟੋ ਦੀ ਡਿਸਪੈਂਸਰੀ ਤੋਂ ਮਿਲੇ ਮੈਜਿਕ ਮਸ਼ਰੂਮ, ਨਸ਼ੀਲੇ ਪਦਾਰਥ, ਦੋ ਗ੍ਰਿਫਤਾਰ

.....ਪੰਨਾ 1 ਦਾ ਬਾਕੀ

ਗ੍ਰਿਫਤਾਰ ਕੀਤੇ ਗਏ ਵਿਅਕਤੀ ਹੈਮਿਲਟਨ ਦਾ 20 ਸਾਲਾ ਫੈਬਰੀਸੀਓ ਓਸਰਸ ਤੇ ਟੋਰਾਂਟੋ ਦਾ 23 ਸਾਲਾ ਸਿਓਨ ਥਾਰਮਾਥਾਸੈਨ ਹਨ। ਦੋਵਾਂ ਵਿਅਕਤੀਆਂ ਉੱਤੇ ਪਾਬੰਦੀਸ਼ੁਦਾ ਪਦਾਰਥ ਸਮਗਲਿੰਗ ਦੇ ਇਰਾਦੇ ਨਾਲ ਕੋਲ ਰੱਖਣ ਤੇ 5,000 ਡਾਲਰ ਤੋਂ ਵੱਧ ਦੇ ਜੁਰਮ ਕਰਨ ਦੇ ਦੋਸ਼ ਲੱਗੇ ਤੇ ਇਸ ਮਾਮਲੇ ਵਿੱਚ ਉਨ੍ਹਾਂ ਨੂੰ ਚਾਰਜ ਵੀ ਕੀਤਾ ਗਿਆ। ਉਨ੍ਹਾਂ ਨੂੰ 12 ਜਨਵਰੀ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ।

ਸਰਚ ਵਾਰੰਟ ਦੌਰਾਨ ਪੁਲਿਸ ਨੂੰ ਵੱਡੀ ਮਾਤਰਾ ਵਿੱਚ ਸਿਲੋਸਿਬਿਨ, ਸਿਲੋਸਿਬਿਨ ਤੋਂ ਤਿਆਰ ਖਾਣ ਵਾਲੀਆਂ ਚੀਜ਼ਾਂ, ਜਿਨ੍ਹਾਂ ਨੂੰ ਮੈਜਿਕ ਮਸ਼ਰੂਮ ਵੀ ਆਖਿਆ ਜਾਂਦਾ ਹੈ, ਵੀ ਮਿਲੀ।

# ਦੁਨੀਆਂ ਦੇ 100 ਬਿਹਤਰੀਨ ਸ਼ਹਿਰਾਂ ਵਿੱਚੋਂ ਪੰਜ ਕੈਨੇਡਾ ਦੇ

.....ਪੰਨਾ 1 ਦਾ ਬਾਕੀ

ਵੰਨ ਸੁਵੰਨਤਾ, ਐਜੂਕੇਸ਼ਨ ਤੇ ਵੱਡੀਆਂ ਕੰਪਨੀਆਂ ਦੇ ਹੈੱਡ ਆਫਿਸ ਦੀ ਵੱਡੀ ਗਿਣਤੀ ਇਨ੍ਹਾਂ ਸ਼ਹਿਰਾਂ ਵਿੱਚ ਹੋਣਾ ਵੀ ਇਸ ਦਾ ਵੱਡਾ ਕਾਰਨ ਹੈ ਕਿ ਟੋਰਾਂਟੋ ਨੂੰ ਕੈਨੇਡਾ ਦਾ ਬਿਹਤਰੀਨ ਤੇ ਦੁਨੀਆਂ ਦਾ 24ਵਾਂ ਬਿਹਤਰੀਨ ਸ਼ਹਿਰ ਦੱਸਿਆ ਗਿਆ ਹੈ। ਮਾਂਟਰੀਅਲ, ਜੋ ਕਿ ਕੈਨੇਡਾ ਦਾ ਦੂਜਾ ਸੱਭ ਤੋਂ ਵੱਡਾ ਸ਼ਹਿਰ ਹੈ, ਵਿੱਚ ਆਮਦਨ ਦੀ ਬਰਾਬਰੀ, ਸੱਭਿਆਚਾਰ ਤੇ ਮੈਕਗਿਲ ਯੂਨੀਵਰਸਿਟੀ ਦੇ ਨਾਲ ਨਾਲ ਟੈਕਨੀਕਲ ਪੱਖੋਂ ਮਹਾਰਤ ਵਿਦੇਸ਼ੀ ਨਿਵੇਸ਼ ਖਿੱਚਣ ਲਈ ਕਾਫੀ ਹੈ ਤੇ ਇਸ ਨੂੰ 56ਵਾਂ ਦਰਜਾ ਦਿੱਤਾ ਗਿਆ ਹੈ।

ਕੈਲਗਰੀ 65ਵੇਂ ਸਥਾਨ ਉੱਤੇ ਆਇਆ ਹੈ। ਇਸ ਪਿੱਛੇ ਇੱਥੋਂ ਦੀ ਨੌਜਵਾਨ ਆਬਾਦੀ, ਸਿੱਖਿਆ ਤੱਕ ਪਹੁੰਚ, ਆਮਦਨ ਵਿੱਚ ਸਮਾਨਤਾ ਤੇ ਜ਼ਿੰਦਗੀ ਦਾ ਬਿਹਤਰੀਨ ਮਿਆਰ ਜ਼ਿੰਮੇਵਾਰ ਹਨ। ਮੈਟਰੋ ਵੈਨਕੂਵਰ ਨੂੰ ਇਸ ਸੂਚੀ ਵਿੱਚ 69ਵੇਂ ਸਥਾਨ ਉੱਤੇ ਰੱਖਿਆ ਗਿਆ ਹੈ। ਇੱਥੇ ਆਮਦਨ ਦੀ ਬਰਾਬਰੀ, ਬਿਹਤਰੀਨ ਯੂਨੀਵਰਸਿਟੀ, ਸੇਫਟੀ ਤੇ ਕੁਦਰਤੀ ਨਜ਼ਾਰਿਆਂ ਕਾਰਨ ਵੈਨਕੂਵਰ 100 ਸੁਹਣੇ ਸ਼ਹਿਰਾਂ ਵਿੱਚ ਆਪਣੀ ਥਾਂ ਬਣਾ ਸਕਿਆ। ਕੈਨੇਡਾ ਦੀ ਰਾਜਧਾਨੀ ਓਟਵਾ ਨੂੰ ਸਿੱਖਿਆ, ਰਹਿਣੀ ਸਹਿਣੀ ਲਈ ਘੱਟ ਖਰਚੇ ਤੇ ਰੋਜ਼ਗਾਰ ਦੀ ਉਪਲਬਧਤਾ ਕਾਰਨ ਬਿਹਤਰੀਨ ਸ਼ਹਿਰਾਂ ਵਿੱਚ ਸ਼ਾਮਲ ਕੀਤਾ ਗਿਆ ਹੈ।

ਇਸ ਸੂਚੀ ਵਿੱਚ ਲੰਡਨ ਪਹਿਲਾ ਸਥਾਨ ਹਾਸਲ ਕਰਨ ਵਿੱਚ ਕਾਮਯਾਬ ਰਿਹਾ। ਇਸ ਤੋਂ ਬਾਅਦ ਦੁਨੀਆ ਦੇ ਪਹਿਲੇ 10 ਸ਼ਹਿਰਾਂ ਵਿੱਚ ਪੈਰਿਸ, ਨਿਊ ਯੌਰਕ, ਟੋਕੀਓ, ਦੁਬਈ, ਬਾਰਸਲੋਨਾ, ਰੋਮ, ਮੈਡਰਿਡ, ਸਿੰਗਾਪੁਰ ਤੇ ਐਮਸਟਰਡਮ ਸ਼ਾਮਲ ਹਨ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
Harcharan S. Grover
Chartered Accountant
GroVerCPA Professional Corporation
214-7895 Tranmere Drive, Mississauga ON L5S 1V9

# ਪੰਜਾਬ ਸਰਕਾਰ ਨੇ ਇੱਟਾਂ ਦੇ ਭੱਠਿਆਂ ਲਈ ਬਾਲਣ ਵਾਸਤੇ ਪਰਾਲੀ ਨੂੰ 20 ਫੀਸਦੀ ਵਰਤਣ ਲਈ ਦਿੱਤਾ ਲਾਜ਼ਮੀ ਕਰਾਰ

***ਭੱਠਿਆਂ ਨੂੰ ਇਸ ਦੀ ਤਿਆਰੀ ਲਈ ਦਿੱਤੇ 6 ਮਹੀਨੇ, 1 ਮਈ 2023 ਤੋਂ ਬਾਅਦ ਉਲੰਘਣਾ ਕਰਨ ਵਾਲੇ ਦੇ ਖਿਲਾਫ ਹੋਵੇਗੀ ਕਾਰਵਾਈ: ਮੀਤ ਹੇਅਰ**

ਚੰਡੀਗੜ੍ਹ, 13 ਨਵੰਬਰ (ਪੋਸਟ ਬਿਊਰੋ)- ਝੋਨੇ ਦੀ ਪਰਾਲੀ ਦੇ ਪ੍ਰਬੰਧਨ ਵਿੱਚ ਨਿਰੰਤਰ ਉਪਰਾਲੇ ਕਰ ਰਹੀ ਸੂਬਾ ਸਰਕਾਰ ਵੱਲੋਂ ਇਸ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ ਸੂਬੇ ਭਰ ਵਿੱਚ ਇੱਟਾਂ ਦੇ ਭੱਠੇ ਵਾਲਿਆਂ ਲਈ ਬਾਲਣ ਵਾਸਤੇ ਪਰਾਲੀ ਨੂੰ 20 ਫੀਸਦੀ ਬਾਲਣ ਵਜੋਂ ਵਰਤਣ ਲਈ ਲਾਜ਼ਮੀ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਅੱਜ ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਜਾਣਕਾਰੀ ਦਿੰਦਿਆਂ ਵਾਤਾਵਰਣ ਅਤੇ ਸਾਇੰਸ ਤਕਨਾਲੋਜੀ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੂਬਾ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ ਕਿ ਇੱਟਾਂ ਦੇ ਭੱਠੇ ਵਾਲੇ ਪਰਾਲੀ ਦੀਆਂ ਗਿੱਟੀਆਂ ਨੂੰ 20 ਫੀਸਦੀ ਬਾਲਣ ਵਜੋਂ ਲਾਜ਼ਮੀ ਇਸਤੇਮਾਲ ਕਰਨ। ਉਨ੍ਹਾਂ ਕਿਹਾ ਕਿ ਇਸ ਨਵੇਂ ਪ੍ਰਬੰਧਨ ਦੀ ਤਿਆਰੀ ਲਈ ਭੱਠਾ ਮਾਲਕਾਂ ਨੂੰ ਛੇ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ ਅਤੇ 1 ਮਈ 2023 ਤੋਂ ਬਾਅਦ ਇਨ੍ਹਾਂ ਹਦਾਇਤਾਂ ਨੂੰ ਲਾਗੂ ਨਾ ਕਰਨ ਵਾਲਿਆਂ ਖਿਲਾਫ ਕਾਰਵਾਈ ਕੀਤੀ ਜਾਵੇਗੀ।

ਮੀਤ ਹੇਅਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਕਿਸਾਨਾਂ ਦੀ ਪਰਾਲੀ ਪ੍ਰਬੰਧਨ ਵਿੱਚ ਮੱਦਦ ਕਰਨ ਅਤੇ ਪਰਾਲੀ ਨੂੰ ਸਾੜਨ ਨਾਲ ਹੁੰਦੇ ਪ੍ਰਦੂਸ਼ਣ ਦੀ ਸਮੱਸਿਆ ਨਾਲ ਨਜਿੱਠਣ ਲਈ ਇਨ ਸੀਟੂ ਤੇ ਐਕਸ ਸੀਟੂ ਕੰਮ ਕੀਤੇ ਜਾ ਰਹੇ ਹਨ। ਇਨ ਸੀਟੂ ਵਿੱਚ ਜਿੱਥੇ ਪੰਜਾਬ ਦੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਵਾਸਤੇ ਸਵਾ ਲੱਖ ਦੇ ਕਰੀਬ ਮਸ਼ੀਨਾਂ ਸਬਸਿਡੀ ਉਤੇ ਮੁਹੱਈਆ ਕਰਵਾਈਆ ਉਥੇ ਐਕਸ ਸੀਟੂ ਤਹਿਤ ਉਦਯੋਗਾਂ ਨੂੰ ਪਰਾਲੀ ਨੂੰ ਬਾਲਣ ਵਜੋਂ ਵਰਤਣ ਲਈ ਉਤਸ਼ਾਹਤ ਕੀਤਾ ਜਾ ਰਿਹਾ ਹੈ। ਪਰਾਲੀ ਤੋਂ ਸੀ।ਐਨ।ਜੀ।, ਬਿਜਲੀ ਅਤੇ ਹੋਰ ਊਰਜਾ ਸ੍ਰੋਤ ਪੈਦਾ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

ਮੀਤ ਹੇਅਰ ਨੇ ਕਿਹਾ ਕਿ ਨਵੇਂ ਫੈਸਲੇ ਤਹਿਤ ਇੱਟਾਂ ਦੇ ਭੱਠਿਆਂ ਵਿੱਚ ਪਰਾਲੀ ਦੀ ਬਾਲਣ ਵਜੋਂ 20 ਫੀਸਦੀ ਵਰਤੋਂ ਨਾਲ ਪਰਾਲੀ ਦੇ ਪ੍ਰਬੰਧਨ ਨੂੰ ਵੱਡਾ ਹੁਲਾਰਾ ਮਿਲੇਗਾ ਅਤੇ ਕਿਸਾਨਾਂ ਨੂੰ ਵੀ ਪਰਾਲੀ ਵੇਚ ਕੇ ਆਰਥਿਕ ਮੱਦਦ ਵੀ ਮਿਲੇਗੀ। ਉਨ੍ਹਾਂ ਕਿਹਾ ਕਿ ਨਵੇਂ ਪ੍ਰਬੰਧਨ ਲਈ ਵਾਤਾਵਰਣ ਅਤੇ ਸਾਇੰਸ ਤਕਨਾਲੋਜੀ ਵਿਭਾਗ ਵੱਲੋਂ ਇੱਟਾਂ ਦੇ ਭੱਠਿਆਂ ਵਾਲਿਆਂ ਲਈ ਹਰ ਤਕਨੀਕੀ ਮੱਦਦ ਮੁਹੱਈਆ ਕਰਵਾਈ ਜਾਵੇਗੀ। ਇਸ ਸਬੰਧੀ ਜਾਰੀ ਨੋਟੀਫਿਕੇਸ਼ਨ ਤਹਿਤ ਇਨ੍ਹਾਂ ਹਦਾਇਤਾਂ ਦੀ ਪਾਲਣਾ ਲਈ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਵੀ ਆਖਿਆ ਗਿਆ ਹੈ।

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
(416) 357-4082, ਈਮੇਲ ਕਰੋ: brargaragedoors@gmail.com •

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਣਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਫੋਰਡ ਦੀ ਅਗਵਾਈ ਵਿੱਚ ਅੱਜ ਓਨਟਾਰੀਓ ਦੀ ਵਿਧਾਨਸਭਾ ਵਿੱਚ ਮਨਾਏ ਜਾਣਗੇ ਰਿਮੈਂਬਰੈਂਸ ਡੇਅ ਦੇ ਜਸ਼ਨ



ਓਨਟਾਰੀਓ, 13 ਨਵੰਬਰ (ਪੋਸਟ ਬਿਊਰੋ) : ਅੱਜ ਪ੍ਰੋਵਿੰਸ ਭਰ ਵਿੱਚ ਮਨਾਏ ਜਾ ਰਹੇ ਰਿਮੈਂਬਰੈਂਸ ਡੇਅ ਸਮਾਰੋਹਾਂ ਰਾਹੀਂ ਓਨਟਾਰੀਓ ਵਾਸੀ ਉਨ੍ਹਾਂ ਸੈਨਿਕਾਂ ਨੂੰ ਸ਼ਰਧਾਂਜਲੀ ਦੇ ਸਕਦੇ ਹਨ ਜਿਨ੍ਹਾਂ ਨੇ ਕੈਨੇਡਾ ਲਈ ਲੜਾਈ ਕੀਤੀ ਤੇ ਆਪਣੀਆਂ ਜਾਨਾਂ ਵਾਰੀਆਂ।

ਇਸੇ ਲੜੀ ਵਿੱਚ ਅੱਜ ਸਵੇਰੇ 10:45 ਉੱਤੇ ਪ੍ਰੀਮੀਅਰ ਡੱਗ ਫੋਰਡ ਦੀ ਅਗਵਾਈ ਵਿੱਚ ਪ੍ਰੋਵਿੰਸ ਦੀ ਵਿਧਾਨਸਭਾ ਵਿੱਚ ਵੀ ਇਨ੍ਹਾਂ ਸੈਨਿਕਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ। ਕੈਨੇਡੀਅਨ ਆਰਮਡ ਫੋਰਸਿਜ਼ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਦੌਰਾਨ ਸ਼ਹੀਦ ਜਵਾਨਾਂ ਨੂੰ 21 ਤੋਪਾਂ ਦੀ ਸਲਾਮੀ ਦਿੱਤੀ ਜਾਵੇਗੀ ਤੇ ਕੁਈਨ ਪਾਰਕ ਵਿਖੇ ਹਵਾਈ ਜਹਾਜ਼ਾਂ ਰਾਹੀਂ ਸਲਾਮੀ ਦੇਣ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਇਹ ਸਾਰਾ ਪ੍ਰੋਗਰਾਮ ਸਵੇਰੇ 11:00 ਵਜੇ ਹੋਵੇਗਾ।

ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਹੀ ਹਵਾਈ ਜਹਾਜ਼ ਵ੍ਹਿਟਬੀ, ਓਨਟਾਰੀਓ ਤੱਕ ਦਾ ਸਫਰ ਤੈਅ ਕਰਨਗੇ। ਸਿਟੀ ਆਫ ਟੋਰਾਂਟੋ ਵੱਲੋਂ ਓਲਡ ਸਿਟੀ ਹਾਲ ਵਿਖੇ ਸਵੇਰੇ 10:45 ਉੱਤੇ ਰਿਮੈਂਬਰੈਂਸ ਡੇਅ ਨਮਿਤ ਜਨਤਕ ਸਮਾਰੋਹ ਦੀ ਸ਼ੁਰੂਆਤ ਕੀਤੀ ਜਾਵੇਗੀ। ਇਸ ਦੌਰਾਨ ਓਨਟਾਰੀਓ ਦੀ ਲੈਫਟੀਨੈਂਟ ਗਵਰਨਰ ਐਲਿਜ਼ਾਬੈੱਥ ਡਾਊਡਜ਼ਵੈੱਲ ਤੇ ਮੇਅਰ ਜੌਹਨ ਟੋਰੀ ਵੱਲੋਂ ਇੱਕਠ ਨੂੰ ਸੰਬੋਧਨ ਕੀਤਾ ਜਾਵੇਗਾ। ਇਸ ਦੌਰਾਨ ਓਟਵਾ ਸਥਿਤ ਨੈਸ਼ਨਲ ਵਾਰ ਮੈਮੋਰੀਅਲ ਵਿਖੇ ਵੀ ਸਮਾਰੋਹ ਸਵੇਰੇ 11:00 ਵਜੇ ਆਯੋਜਿਤ ਕੀਤਾ ਜਾਵੇਗਾ।

# ਗੋ ਟਰਾਂਜ਼ਿਟ ਵਰਕਰਜ਼ ਤੇ ਮੈਟਰੋਲਿੰਕਸ ਦਰਮਿਆਨ ਸਮਝੌਤਾ ਸਿਰੇ ਚੜ੍ਹਿਆ, 4 ਰੋਜ਼ਾ ਹੜਤਾਲ ਖ਼ਤਮ




ਓਨਟਾਰੀਓ, 13 ਨਵੰਬਰ (ਪੋਸਟ ਬਿਊਰੋ) : ਗੋ ਟਰਾਂਜ਼ਿਟ ਵਰਕਰਜ਼ ਵੱਲੋਂ ਮੈਟਰੋਲਿੰਕਸ ਨਾਲ ਅੱਜ ਸਮਝੌਤਾ ਸਿਰੇ ਚੜ੍ਹਾ ਲਿਆ ਗਿਆ ਤੇ ਇਸ ਦੇ ਨਾਲ ਹੀ ਚਾਰ ਰੋਜ਼ਾ ਹੜਤਾਲ ਵੀ ਖ਼ਤਮ ਹੋ ਗਈ।

ਇਸ ਮੌਕੇ ਮੈਟਰੋਲਿੰਕਸ ਨੇ ਆਖਿਆ ਕਿ ਬੱਸ ਸਰਵਿਸ ਸ਼ਨਿੱਚਰਵਾਰ ਨੂੰ ਸ਼ੁਰੂ ਹੋਣ ਦੀ ਸੰਭਾਵਨਾ ਹੈ। ਗੋ ਬੱਸ ਵਰਕਰਜ਼, ਜਿਨ੍ਹਾਂ ਵਿੱਚ ਡਰਾਈਵਰ ਤੇ ਸਟੇਸ਼ਨ ਅਟੈਂਡੈਂਟਸ ਵੀ ਸ਼ਾਮਲ ਹਨ, ਸੋਮਵਾਰ ਤੋਂ ਹੜਤਾਲ ਉੱਤੇ ਸਨ। ਇਸ ਕਾਰਨ ਜਿੱਥੇ ਬੱਸ ਸੇਵਾ ਵਿੱਚ ਵਿਘਣ ਪਿਆ ਉੱਥੇ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਬੱਸਾਂ ਵਿੱਚ ਸਫਰ ਕਰਨ ਵਾਲੇ ਲੋਕਾਂ ਦੀ ਰੋਜ਼ਾਨਾਂ ਜ਼ਿੰਦਗੀ ਵੀ ਕਾਫੀ ਪ੍ਰਭਾਵਿਤ ਹੋਈ।

ਕਾਂਟਰੈਕਟ ਸਬੰਧੀ ਗੱਲਬਾਤ ਸ਼ੁੱਕਰਵਾਰ ਨੂੰ ਸ਼ੁਰੂ ਹੋਣ ਦੀ ਸੰਭਾਵਨਾ ਸੀ ਪਰ ਅਮੈਲਗਾਮੇਟਿਡ ਟਰਾਂਜ਼ਿਟ ਯੂਨੀਅਨ (ਏਟੀਯੂ)ਵੱਲੋਂ ਟਰਾਂਜ਼ਿਟ ਆਪਰੇਟਰ ਉੱਤੇ ਗੱਲਬਾਤ ਵਿੱਚ ਦੇਰ ਕਰਨ ਦਾ ਦੋਸ਼ ਲਾਇਆ ਗਿਆ। ਫਿਰ ਗੱਲਬਾਤ ਵੀਰਵਾਰ ਨੂੰ ਹੀ ਸ਼ੁਰੂ ਹੋ ਗਈ। ਮੈਟਰੋਲਿੰਕਸ ਦੀ ਤਰਜ਼ਮਾਨ ਐਨੇ ਮੈਰੀ ਆਇਕਿੰਜ਼ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਯੂਨੀਅਨ ਨਾਲ ਸਾਡਾ ਸਮਝੌਤਾ ਸਿਰੇ ਚੜ੍ਹ ਗਿਆ। ਸ਼ੁੱਕਰਵਾਰ ਨੂੰ ਬੱਸ ਸੇਵਾ ਸ਼ੁਰੂ ਕਿਉਂ ਨਹੀਂ ਹੋਈ ਇਸ ਬਾਰੇ ਆਇਕਿੰਜ਼ ਨੇ ਆਖਿਆ ਕਿ ਸਾਨੂੰ ਸਾਡਾ ਸਟਾਫ ਵਾਪਿਸ ਚਾਹੀਦਾ ਹੈ। ਅਸੀਂ ਬੱਸਾਂ ਆਪਣੀ ਲੋਕੇਸ਼ਨ ਉੱਤੇ ਵਾਪਿਸ ਚਾਹੁੰਦੇ ਸੀ ਤੇ ਇਹ ਵੀ ਚਾਹੁੰਦੇ ਸੀ ਕਿ ਸੇਵਾ ਨਿਰਵਿਘਣ ਚੱਲੇ। ਅਸੀਂ ਸੇਫਟੀ ਵੀ ਯਕੀਨੀ ਬਣਾਉਣਾ ਚਾਹੁੰਦੇ ਸੀ।

# ਘਾਤਕ ਕਾਰ ਹਾਦਸੇ ਵਾਲੀ ਥਾਂ ਨੇੜੇ ਮਿਲੇ ਦਰਜਨਾਂ ਖੁੱਲ੍ਹੇ ਘੋੜੇ



ਓਨਟਾਰੀਓ, 13 ਨਵੰਬਰ (ਪੋਸਟ ਬਿਊਰੋ) : ਸ਼ੁੱਕਰਵਾਰ ਸਵੇਰੇ ਨਿਊਮਾਰਕਿਟ ਵਿੱਚ ਹੋਏ ਕਾਰ ਹਾਦਸੇ ਵਿੱਚ ਦਰਜਨਾਂ ਖੁੱਲ੍ਹੇ ਛੱਡੇ ਗਏ ਘੋੜਿਆਂ ਦੀ ਕੀ ਭੂਮਿਕਾ ਸੀ ਇਸ ਦੀ ਜਾਂਚ ਯੌਰਕ ਰੀਜਨਲ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ।

ਸ਼ੁੱਕਰਵਾਰ ਤੜਕੇ 3:00 ਵਜੇ ਪੁਲਿਸ ਨੂੰ ਕੀਲ ਸਟਰੀਟ ਦੇ ਪੂਰਬ ਵਿੱਚ ਡੇਵਿਸ ਡਰਾਈਵ ਉੱਤੇ ਹਾਦਸਾ ਵਾਪਰਨ ਦੀ ਖਬਰ ਮਿਲੀ। ਪੁਲਿਸ ਅਧਿਕਾਰੀਆਂ ਨੂੰ ਮੌਕੇ ਉੱਤੇ ਇੱਕ ਗੱਡੀ ਪਲਟੀ ਹੋਈ ਮਿਲੀ ਤੇ ਉਸ ਵਿੱਚ ਮੌਜੂਦ ਇੱਕ ਵਿਅਕਤੀ ਬਿਨਾਂ ਸਾਹ ਸਤ ਦੇ ਮਿਲਿਆ। ਡਰਾਈਵਰ ਨੂੰ ਥੋੜ੍ਹੀ ਦੇਰ ਬਾਅਦ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਜਿਸ ਸਮੇਂ ਹਾਦਸਾ ਵਾਪਰਿਆ ਤਾਂ ਸੜਕ ਦੇ ਆਲੇ ਦੁਆਲੇ 20 ਤੋਂ 30 ਘੋੜੇ ਖੁੱਲ੍ਹੇ ਘੁੰਮ ਰਹੇ ਸਨ।

ਜਾਂਚਕਾਰ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕਿਤੇ ਹਾਦਸਾ ਇਨ੍ਹਾਂ ਘੋੜਿਆਂ ਕਾਰਨ ਹੀ ਤਾਂ ਨਹੀਂ ਵਾਪਰਿਆ। ਹਾਦਸੇ ਵਾਲੀ ਥਾਂ ਦੇ ਨੇੜੇ ਇੱਕ ਘੋੜਾ ਵੀ ਮਰਿਆ ਪਾਇਆ ਗਿਆ। ਅਧਿਕਾਰੀਆਂ ਨੂੰ ਲੱਗਦਾ ਹੈ ਕਿ ਇਹ ਘੋੜੇ ਕਿਸੇ ਨੇੜਲੇ ਫਾਰਮ ਤੋਂ ਬਚ ਨਿਕਲੇ। ਪੁਲਿਸ ਨੇ ਦੱਸਿਆ ਕਿ ਘੋੜਿਆਂ ਨੂੰ ਕਾਬੂ ਕਰਨ ਲਈ ਫਾਰਮ ਦੇ ਅਧਿਕਾਰੀ ਵੀ ਮੌਕੇ ਉੱਤੇ ਮੌਜੂਦ ਸਨ।

# ਮੋਗਾ ਵਿਖੇ ਲੱਗਿਆ ਪੁਰਾਤਨ ਖੇਡਾਂ ਦਾ ਮੇਲਾ





ਮੋਗਾ 13 ਨਵੰਬਰ (ਗਿਆਨ ਸਿੰਘ) ਨਵੀਂ ਪੀੜ੍ਹੀ ਨੂੰ ਪੰਜਾਬ ਦੇ ਅਮੀਰ ਵਿਰਸੇ ਨਾਲ ਜੋੜੀ ਰੱਖਣ ਲਈ ਸਮੇਂ ਸਮੇਂ ਤੇ ਸਰਕਾਰਾਂ ਅਤੇ ਸੰਸਥਾਵਾਂ ਵਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ ਇਸੇ ਤਰਾਂ ਦਾ ਉਪਰਾਲਾ ਸਰਦਾਰ ਹਰਜੀਤ ਸਿੰਘ ਅਤੇ ਜੱਸ ਢਿੱਲੋਂ ਵੱਲੋਂ " ਪੁਰਾਤਨ ਖੇਡਾਂ ਦਾ ਮੇਲਾ" ਕਰਵਾਇਆ ਗਿਆ। ਇਸ ਮੇਲੇ ਵਿੱਚ ਪੁਰਾਣੇ ਸਮਿਆਂ ਵਿੱਚ ਖੇਡੀਆਂ ਜਾਂਦੀਆਂ ਖੇਡਾਂ ਜਿਵੇਂ ਭੰਡਾ ਭੰਡਾਰੀਆ,ਗੁੱਲੀ ਡੰਡਾ, ਪਿੱਠੂ, ਬਾਂਟੇ,ਰੱਸਾ ਕੱਸੀ ਆਦਿ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਬੱਚਿਆਂ ਨੇ ਬੜੇ ਹੀ ਉਤਸ਼ਾਹ ਨਾਲ ਵਧ ਚੜ ਕੇ ਹਿੱਸਾ ਲਿਆ।

ਪਹਿਲੇ ਦਿਨ ਏਸ ਮੇਲੇ ਦੀ ਸ਼ੁਰੂਆਤ ਸਰਦਾਰ ਕੁਲਵੰਤ ਸਿੰਘ ਡਿਪਟੀ ਕਮਿਸ਼ਨਰ ਮੋਗਾ ਨੇ ਕੀਤੀ। ਉਹਨਾਂ ਖੁਦ ਖੇਡਾਂ ਖੇਡ ਕੇ ਆਪਣੇ ਬਚਪਨ ਨੂੰ ਵੀ ਯਾਦ ਕੀਤਾ।

ਦੂਜੇ ਦਿਨ ਪ੍ਰਧਾਨਗੀ ਆਰਟਿਸਟ ਗੁਰਪ੍ਰੀਤ ਸਿੰਘ ਕੋਮਲ ਨੇ ਕੀਤੀ ਅਤੇ ਬੱਚਿਆਂ ਦੀ ਹੌਂਸਲਾ ਅਫ਼ਜਾਈ ਲਈ ਉਨਾਂ ਨੂੰ ਇਨਾਮਾਂ ਦੇ ਨਾਲ ਨਾਲ ਮੈਡਲ ਡਾ ਵਰਿੰਦਰ ਕੌਰ, ਲਵਲੀ ਸਿੰਗਲਾ, ਭਾਵਨਾ ਬਾਂਸਲ, ਜਤਿੰਦਰ ਕੌਰ ਅਤੇ ਰਾਜਵਿੰਦਰ ਕੌਰ ਵੱਲੋਂ ਦਿੱਤੇ ਗਏ।

ਇਸ ਮੌਕੇ ਮਹਿੰਦਰਪਾਲ ਸਿੰਘ ਲੂੰਬਾ, ਗੁਰਪ੍ਰੀਤ ਸਿੰਘ ਸੋਢੀ, ਰਣਜੀਤ ਸੋਹਲ, ਕੁਲਦੀਪ ਸਿੰਘ ਕਲਸੀ, ਪਰਮਜੋਤ ਸਿੰਘ,ਹਰਭਜਨ ਸਿੰਘ ਬਹੋਨਾ, ਮੀਨਾ ਸ਼ਰਮਾ, ਰਾਜਸ਼੍ਰੀ ਸ਼ਰਮਾ, ਵਿਕਾਸ ਗਰਗ,ਰਾਹੁਲ ਛਾਬੜਾ,ਅੰਕਿਤ ਕਾਂਸਲ,ਨਿਸ਼ਾ ਕਾਂਸਲ,ਭਾਵਨਾ ਛਾਬੜਾ,ਮਨਦੀਪ ਕੌਰ,ਨਿਸ਼ਾ ਗਰਗ, ਕਮਲਜੀਤ,ਦਿਵਯਾ ਸਾਮਲ ਸਨ। ਇਸ ਮੇਲੇ ਚ ਵਿਰਾਸਤੀ ਚੀਜਾਂ ਦੀ ਪ੍ਰਦਰਸ਼ਨੀ ਅਤੇ ਕਵੀਸ਼ਰੀ ਖਿੱਚ ਦਾ ਕੇਂਦਰ ਰਹੇ। ਗੁਰਮੁੱਖ ਸਿੰਘ ਦੇ ਯੋਗਦਾਨ ਲਈ ਉਨਾ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਵੱਖ ਵੱਖ ਖੇਡਾਂ ਚ ਅਮਨ,ਆਤਮ,ਪ੍ਰੀਆ,ਪੱਲਵੀ, ਨਵੀਨ,ਵੀਰੂ, ਸੁਮਿਤ,ਯਸ਼ ਅਤੇ ਜਸਲੀਨ ਜੇਤੂ ਰਹੇ।

# ਬਠਿੰਡਾ ਵਿਖੇ ਗੁਰਪੁਰਬ ਦੇ ਮੁਬਾਰਕ ਮੌਕੇ ਹੋਇਆ ਕਵੀ ਦਰਬਾਰ



ਬਠਿੰਡਾ 13 ਨਵੰਬਰ (ਗਿਆਨ ਸਿੰਘ)- ਮਾਲਵਾ ਅਰਟ ਕੌਂਸਲ ਬਠਿੰਡਾ ਅਤੇ ਪ੍ਰਬੰਧਕ ਕਮੇਟੀ ਗੁਰ-ਦੁਆਰਾ ਗੁਰ ਨਾਨਕ ਵਾੜੀ ਸਾਹਿਬ ਗੁਰੂ ਗੋਬਿੰਦ ਨਗਰ ਬਠਿੰਡਾ ਦੇ ਸਹਿਯੋਗ ਨਾਲ ਕਵੀ ਦਰਬਾਰ ਆਯੋਜਿਤ ਕੀਤਾ ਗਿਆ । ਜਿਸ ਵਿੱਚ ਮਾਲਵਾ ਆਰਟ ਕੌਂਸਲ ਬਠਿੰਡਾ ਦੇ ਕਲਾਕਾਰਾਂ ਨੇ ਆਪਣੀ ਕਲਾ ਦਾ ਮੁਜਾਹਰਾ ਕੀਤਾ, ਉੱਥੇ ਮਹਾਂ ਪੰਜਾਬ ਸਾਹਿਤ ਸਭਾ ਦੇ ਸ਼ਾਇਰਾਂ ਨੂੰ ਵਿਸ਼ੇਸ਼ ਤੌਰ ਤੇ ਬੁਲਾਇਆ ਗਿਆ । ਜਿਸ ਵਿੱਚ ਗੁਰੂ ਸਾਹਿਬਾਨ , ਗੁਰ ਇਤਿਹਾਸ ਅਤੇ ਸਿੱਖ ਸੱਭਿਆਚਾਰ ਨਾਲ ਸਬੰਧਿਤ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਜਿਸ ਦਾ ਹਾਜਰ ਸੰਗਤਾਂ ਨੇ ਖੂਬ ਆਨੰਦ ਮਾਣਿਆਂ । ਇਸ ਕਵੀ ਦਰਬਾਰ ਵਿੱਚ ਸਿੱਖ ਵਿਦਵਾਨ ਬਾਬਾ ਹਜੂਰਾ ਸਿੰਘ ਜੀ ਖਿਆਲੀਵਾਲਿਆਂ ਨੇ ਵਿਸ਼ੇਸ਼ ਟਿਪਣੀਆਂ ਵੀ ਕੀਤੀਆਂ ।ਪਰਬੰਧਕਾਂ ਨੂੰ ਕਿਹਾ ਕਿ ਅਜਿਹੇ ਸਮਾਰੋਹ ਆਯੋਜਿਤ ਕਰਦੇ ਰਹਿਣਾ ਚਾਹੀਦਾ ਹੈ ।

ਮਹਾਂ ਪੰਜਾਬ ਸਾਹਿਤ ਸਭਾ ਦੇ ਜਿੰਨਾਂ ਸ਼ਾਇਰਾਂ ਨੇ ਕਵਿਤਾਵਾਂ ਦਾ ਦੌਰ ਚਲਾਇਆ ਉਹਨਾਂ ਵਿੱਚ ਨਿਰੰਜਣ ਸਿੰਘ ਪ੍ਰੇਮੀ , ਭੋਲਾ ਸਿੰਘ ਸ਼ਮੀਰੀਆ , ਕੰਵਲਜੀਤ ਸਿੰਘ ਕੁਟੀ , ਅਮਨਦੀਪ ਕੌਰ ਮਾਨ , ਡਾ। ਬਲਕਾਰ ਸਿੰਘ ਸੋਖਲ , ਅਮਰ ਸਿੰਘ ਸਿੱਧੂ, ਗੁਰਲਾਲ ਸਿੰਘ ਬੱਲਰਾ , ਜਸਪ੍ਰੀਤ ਸਿੰਘ, ਨੇ ਆਪਣੇ ਕਲਾਮ ਪੇਸ਼ ਕੀਤੇ ।

ਮਾਲਵਾ ਆਰਟ ਕੌਂਸਲ ਬਠਿੰਡਾ ਵੱਲੋਂ ਸਮਾਗਮ ਦੀ ਸ਼ੁਰੂਆਤ ਧਾਰਮਿਕ ਗੀਤ," ਕਿਤੋਂ ਆ ਜਾ ਵੀਰਨਾ ਵੇ ਰੀਝਾਂ ਭੈਣ ਦੀਆਂ ਸੁਣ ਆਕੇ, ਸੀਨੇਂ ਠੰਡ ਪਾ ਜਾ ਵੇ ਭੈਣ ਦਾ ਬਣਿਆ ਫੁਲਕਾ ਖਾ ਕੇ ਨਾਲ ਸ਼ੁਰੂ ਹੋਈ। ਗੁਰਨੂਰ ਕੌਰ , ਅਵਨੀਤ ਕੌਰ , ਹਰਮਨਪ੍ਰੀਤ ਸਿੰਘ , ਸਮਰੀਨ ਕੌਰ , ਰਵਜੋਤ ਕੌਰ , ਰਮਨਦੀਪ ਕੌਰ , ਇਕਮਨਜੋਤ ਕੌਰ , ਮਨਪ੍ਰੀਤ ਸਿੰਘ ਸੋਖਲ , ਅੰਮਰਿਤ ਕੌਰ ਸੋਖਲ , ਇੰਦਰ ਸਿੰਘ , ਜਗਦੇਵ ਸਿੰਘ ਤੇ ਮਾਸਟਰ ਰੂਪ ਸਿੰਘ ਨੇ ਕਵੀ ਦਰਬਾਰ ਦੀ ਸ਼ੋਭਾ ਵਧਾਈ । ਅੰਤ ਵਿੱਚ ਬਾਬਾ ਹਜੂਰਾ ਸਿੰਘ ਜੀ ਖਿਆਲੀ ਵਾਲਿਆਂ ਨੇ ਆਪਣੀਆਂ ਵਿਸ਼ੇਸ਼ ਟਿਪਣੀਆਂ ਕਰਕੇ ਕਵੀਆਂ ਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ।

# ਫ਼ਰੀਦਕੋਟ ਵਿਖੇ ਲੱਗੀ ਨੈਸ਼ਨਲ ਲੋਕ ਅਦਾਲਤ 40 ਕਰੋੜ ਦੀ ਰਾਸ਼ੀ ਦੇ ਕੀਤੇ ਗਏ ਐਵਾਰਡ ਪਾਸ-ਜਿਲ੍ਹਾ ਤੇ ਸੈਸ਼ਨ ਜੱਜ

## *2500 ਦੇ ਲਗਪਗ ਮੁਕੱਦਮਿਆਂ ਦਾ ਕੀਤਾ ਗਿਆ ਨਿਪਟਾਰਾ

ਫ਼ਰੀਦਕੋਟ 13 ਨਵੰਬਰ (ਗਿਆਨ ਸਿੰਘ)- ਫ਼ਰੀਦਕੋਟ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਅਧੀਨ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਰੀਦਕੋਟ ਵੱਲੋਂ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਕੌਮੀ ਲੋਕ ਅਦਾਲਤ ਵਿੱਚ ਕਰੀਬ 40 ਕਰੋੜ ਦੀ ਰਾਸ਼ੀ ਦੇ ਐਵਾਰਡ ਪਾਸ ਕੀਤੇ ਗਏ ਅਤੇ ਲਗਪਗ 2500 ਦੇ ਕਰੀਬ ਮੁਕੱਦਮਿਆਂ ਦਾ ਨਿਪਟਾਰਾ ਕੀਤਾ ਗਿਆ। ਇਸ ਸੰਬੰਧ ਵਿਚ ਮਾਣਯੋਗ ਰਮੇਸ਼ ਕੁਮਾਰੀ ਜ਼ਿਲ੍ਹਾ ਅਤੇ ਸੈਸ਼ਨ ਜੱਜ ਕਮ ਚੇਅਰਮੈਨ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਲੋਕ ਅਦਾਲਤ ਵਿਚ 10 ਬੈਂਚ ਲਗਾਏ ਗਏ। ਜਿਨ੍ਹਾਂ ਤੇ ਜੱਜ ਸਹਿਬਾਨ ਦੇ ਨਾਲ ਸਮਾਜ ਸੇਵੀ ਅਤੇ ਦੂਸਰੇ ਮੈਂਬਰ ਹਾਜ਼ਰ ਸਨ। ਇਸ ਅਦਾਲਤ ਵਿਚ ਕਰੀਬ 40 ਕਰੋੜ ਦੀ ਰਾਸ਼ੀ ਦੇ ਐਵਾਰਡ ਪਾਸ ਕੀਤੇ ਗਏ ਅਤੇ ਕਰੀਬ 2500 ਮੁਕੱਦਮਿਆਂ ਦਾ ਨਿਪਟਾਰਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਲੋਕ ਅਦਾਲਤ ਨੂੰ ਲਗਾਉਣ ਵਾਸਤੇ ਪਿਛਲੇ ਤਿੰਨ ਮਹੀਨਿਆਂ ਤੋਂ ਤਿਆਰੀ ਚੱਲ ਰਹੀ ਸੀ। ਬਹੁਤ ਸਾਰੇ ਮਹਿਕਮਿਆਂ ਨੇ ਉਨ੍ਹਾਂ ਨੂੰ ਇਸ ਅਦਾਲਤ ਨੂੰ ਕਾਮਯਾਬੀ ਨਾਲ ਲਗਾਉਣ ਲਈ ਸਹਾਇਤਾ ਕੀਤੀ ।ਉਨ੍ਹਾਂ ਦੱਸਿਆ ਕਿ ਇਸ ਲੋਕ ਅਦਾਲਤ ਵਿਚ ਸਾਰੇ ਕੰਪਾਊਂਡੇਬਲ ਕੇਸ ਲਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ 138 ਦੇ ਕੇਸ ਦੀਵਾਨੀ ਦਾਅਵੇ ਚੈਂਕ ਬਾਊਂਸ 323, 24, 25 ਦੇ ਮੁਕੱਦਮੇ ਫ਼ੈਸਲੇ ਲਈ ਲਏ ਜਾ ਸਕਦੇ ਹਨ। ਇਸੇ ਨਾਲ ਹੀ ਫੈਮਿਲੀ ਕੋਰਟ ਦੇ ਪਤੀ ਪਤਨੀ ਪਰਿਵਾਰਕ ਝਗੜੇ ਵੀ ਫ਼ੈਸਲੇ ਲਈ ਲੈ ਜਾ ਸਕਦੇ ਹਨ। ਬੈਂਕਾਂ ਦੇ ਝਗੜੇ, ਐਕਸੀਡੈਂਟ ਦੇ ਮਾਮਲੇ, ਬਿਜਲੀ ਦੇ ਬਿੱਲ, ਟੈਲੀਫੋਨ ਦੇ ਬਿੱਲ ਸਬੰਧੀ ਝਗੜੇ ਇਸ ਅਦਾਲਤ ਵਿੱਚ ਫ਼ੈਸਲੇ ਲਈ ਲਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਇਸ ਅਦਾਲਤ ਵਿਚ ਕੀਤੇ ਗਏ ਫ਼ੈਸਲੇ ਅਦਾਲਤੀ ਫ਼ੈਸਲੇ ਦੇ ਬਰਾਬਰ ਦੀ ਡਿਗਰੀ ਦੀ ਮਹੱਤਵ ਰੱਖਦੇ ਹਨ ਅਤੇ ਉਨ੍ਹਾਂ ਦੀ ਹੋਰ ਕਿਤੇ ਵੀ ਅਪੀਲ ਜਾਂ ਦਲੀਲ ਨਹੀਂ ਕੀਤੀ ਜਾ ਸਕਦੀ ਅਤੇ ਇਹ ਇਸ ਅਦਾਲਤ ਵਿੱਚ ਲਾਏ ਗਏ ਮੁਕੱਦਮੇ ਦੇ ਫ਼ੈਸਲੇ ਦੀ ਕੋਰਟ ਫ਼ੀਸ ਵੀ ਵਾਪਸ ਕਰ ਦਿੱਤੀ ਜਾਂਦੀ ਹੈ । ਇਸ ਮੌਕੇ ਅਜੀਤਪਾਲ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਰੀਦਕੋਟ ਨੇ ਦੱਸਿਆ ਕਿ ਇਸ ਲੋਕ ਅਦਾਲਤ ਵਿਚ ਵੱਧ ਤੋਂ ਵੱਧ ਲੋਕਾਂ ਨੂੰ ਆਪਣੇ ਝਗੜੇ ਲੈ ਕੇ ਆਉਣੇ ਚਾਹੀਦੇ ਹਨ ਜਿਸ ਨਾਲ ਉਨ੍ਹਾਂ ਦਾ ਸਮਾਂ ਅਤੇ ਪੈਸੇ ਦੀ ਬੱਚਤ ਹੋ ਸਕੇ, ਅਤੇ ਸਮਾਜਿਕ ਰਿਸ਼ਤੇ ਵੀ ਬਰਕਰਾਰ ਰਹਿ ਸਕਣ। ਇਸ ਅਦਾਲਤ ਵਿਚ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਝਗੜਿਆਂ ਨੂੰ ਨਿਪਟਾਇਆ ਜਾਂਦਾ ਹੈ, ਜਿਸ ਨਾਲ ਸਮਾਜਿਕ ਭਾਈਚਾਰਾ ਵੀ ਪ੍ਰਫੁੱਲਤ ਹੁੰਦਾ ਹੈ।

# ਕਿਰਤੀ ਕਿਸਾਨ ਫੋਰਮ ਦੇ ਕੋਰ ਗਰੁਪ ਦੀ ਮੀਟਿੰਗ ਵੈਬਸਾਈਟ ਬਣਾਉਣ ਲਈ ਕੀਤਾ ਮਸ਼ਵਰਾ

ਚੰਡੀਗੜ੍ਹ 13 ਨਵੰਬਰ(ਗਿਆਨ ਸਿੰਘ) ਕਿਰਤੀ ਕਿਸਾਨ ਫੋਰਮ ਦੇ ਕੋਰ ਗਰੁਪ ਦੀ ਵਿਸੇਸ਼ ਮੀਟਿੰਗ ਸ ਸਵਰਨ ਸਿੰਘ ਬੋਪਾਰਾਏ ਅਤੇ ਸ ਰਮੇਸ਼ਇੰਦਰ ਸਿੰਘ ਦੀ ਪ੍ਰਧਾਨਗੀ ਥਲੇ ਹੋਈ। ਮੀਟਿੰਗ ਦਾ ਸੋਲੋ ਏਜੰਡਾ ਫੋਰਮ ਦੀ ਵੈਬਸਾਈਟ ਤਿਆਰ ਕਰਨ ਨਾਲ ਸਬੰਧਿਤ ਇਸ਼ੂਜ਼ ਤੇ ਕੇਂਦ੍ਰਿਤ ਰਿਹਾ। ਮੀਟਿੰਗ ਵਿਚ ਕਮਲ ਰੋਮਾਣਾ ਬਿੰਦਰਾ, ਕੁਲਬੀਰ ਸਿੰਘ ਸਿਧੂ , ਜੀ ਕੇ ਸਿੰਘ ਧਾਲੀਵਾਲ, ਸਰਬਜੀਤ ਸਿੰਘ ਧਾਲੀਵਾਲ ਅਤੇ ਜਰਨੈਲ ਸਿੰਘ ਸ਼ਾਮਲ ਹੋਏ। ਸੰਮਤੀ ਵਲੋ ਫੈਸਲਾ ਕੀਤਾ ਗਿਆ ਕਿ ਪੰਜਾਬ ਅਤੇ ਪੰਜਾਬੀ,ਪੰਜਾਬੀਆਂ ਦੀ ਜ਼ਿੰਦਗੀ ਨੂੰ ਦਰਪੇਸ਼ ਚੁਣੌਤੀਆਂ ਅਤੇ ਸਰੋਕਾਰਾਂ ਸਬੰਧੀ ਵਿਚਾਰ ਵਟਾਂਦਰਾ ਕਰਨਾ, ਵਿਦਵਾਨ ਮੈਂਬਰਾਂ ਵਿਚ ਸੰਵਾਦ ਰਚਾਓਣਾ ਅਤੇ ਓਨਾਂ ਦੇ ਹਲ ਸੁਝਾਓਣ ਵਿਚ ਵੈਬਸਾਈਟ ਦਾ ਚੰਗਾ ਯੋਗਦਾਨ ਹੋ ਸਕਦਾ ਹੈ। ਫੋਰਮ ਨੇ ਅਜੇ ਦੋ ਵਰੇ ਹੀ ਪੂਰੇ ਕੀਤੇ ਹਨ ਪਰ ਸਮੂਹ ਮੈਂਬਰਾਂ ਦੀ ਪ੍ਰਤੀਬੱਧਤਾ ਅਤੇ ਉਸਾਰੂ ਸ਼ਮੂਲੀਅਤ ਨਾਲ ਪੰਜਾਬੀ ਜਨ ਜੀਵਨ ਵਿਚ ਵਿਸੇਸ਼ ਤੌਰ ਤੇ ਕਿਰਤੀ ਕਿਸਾਨਾਂ ਅਤੇ ਦਿਹਾਤ ਵਿਚ ਇਸਦੀ ਭਰਪੂਰ ਪ੍ਰਸ਼ੰਸਾ ਹੋਈ ਹੈ। ਸਮੂਹ ਮੈਂਬਰਾਂ ਦੀ ਭਾਵਨਾ ਨੂੰ ਧਿਆਨ ਚ ਰਖਦਿਆਂ ਫੋਰਮ ਨੇ ਵੈਬਸਾਈਟ ਨਿਰਮ-ਾਣ ਕਰਨ ਦਾ ਫੈਸਲਾ ਕੀਤਾ ਹੈ।

ਫੋਰਮ ਵਲੋਂ ਵੈਬਸਾਈਟ ਦਾ ਟਾਈਟਲ ਕੇਕੇਐਫ(ਖਖਾਂ) ਰਖਣ ਦਾ ਫੈਸਲਾ ਕੀਤਾ ਹੈ। ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸ ਸਵਰਨ ਸਿੰਘ ਬੋਪਾਰਾਏ ਅਤੇ ਸ ਰਮੇਸ਼ਇੰਦਰ ਸਿੰਘ ਵਲੋਂ ਸਮੂਹ ਮੈਂਬਰਾਂ ਨੂੰ ਅਪੀਲ ਕੀਤੀ ਗਈ ਕਿ ਓਹ ਵੈਬਸਾਈਟ ਦੇ ਨਿਰਮਾਣ ਅਤੇ ਵਿਸ਼ਾ ਵਸਤੂ ਸਬੰਧੀ ਆਪਣੇ ਸੁਝਾਓ ਭੇਜਣ ਦੀ ਖੇਚਲ ਕਰਨ।

# ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਹਰੇਕ ਨੌਜਵਾਨ ਵੋਟਰ ਜਰੂਰ ਬਣੇ: ਜ਼ਿਲ੍ਹਾ ਚੋਣ ਅਫ਼ਸਰ



ਮੋਗਾ 13 ਨਵੰਬਰ (ਗਿਆਨ ਸਿੰਘ) - ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਮੋਗਾ ਕੁਲਵੰਤ ਸਿੰਘ ਨੇ ਸਥਾਨਕ ਡੀ ਐੱਮ ਕਾਲਜ ਆਫ ਐਜੂਕੇਸ਼ਨ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਅਪੀਲ ਕੀਤੀ ਕਿ ਉਹ ਦੇਸ਼ ਦੇ ਲੋਕਤੰਤਰੀ ਢਾਂਚੇ ਨੂੰ ਮਜ਼ਬੂਤ ਕਰਨ ਲਈ 18 ਸਾਲ ਦੀ ਉਮਰ ਪੂਰੀ ਕਰਦਿਆਂ ਹੀ ਵੋਟਰ ਜਰੂਰ ਬਣਨ। ਉਹ ਚੋਣ ਕਮਿਸ਼ਨ ਵੱਲੋਂ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਵੋਟਰ ਬਣਨ ਦੀ ਮਹੱਤਤਾ ਬਾਰੇ ਜਾਣਕਾਰੀ ਦੇ ਰਹੇ ਸਨ।

ਉਹਨਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਯੋਗਤਾ ਮਿਤੀ 01.01.2023 ਦੇ ਅਧਾਰ 'ਤੇ ਵੋਟਰ ਸੂਚੀ ਦੀ ਸਮਰੀ ਰਵੀਜ਼ਨ ਦਾ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ। ਇਸ ਪ੍ਰੋਗਰਾਮ ਅਨੁਸਾਰ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ਮਿਤੀ 09 ਨਵੰਬਰ 2022 ਨੂੰ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਜਿੰਨ੍ਹਾਂ ਨਾਗਰਿਕਾਂ ਦੀ ਉਮਰ ਸਾਲ 2023 ਵਿੱਚ 18 ਸਾਲ ਜਾਂ ਇਸ ਤੋਂ ਵੱਧ ਹੈ ਅਤੇ ਉਨ੍ਹਾਂ ਦੀ ਵੋਟ ਨਹੀਂ ਬਣੀ ਹੈ, ਆਪਣੀ ਵੋਟ ਬਣਾਉਣ ਲਈ ਭਾਰਤ ਚੋਣ ਕਮਿਸ਼ਨ ਵੱਲੋਂ 08 ਦਸੰਬਰ 2022 ਦਾ ਸਮਾਂ ਦਿੱਤਾ ਗਿਆ ਹੈ। ਇਸ ਸਮੇਂ ਦੌਰਾਨ ਕੰਮ ਵਾਲੇ ਦਿਨ ਆਪਣੇ ਸਬੰਧਤ ਚੋਣਕਾਰ ਰਜਿਸਟ੍ਰੇਸ਼ਨ ਦੇ ਦਫ਼ਤਰ ਦੇ ਵਿੱਚ ਜਾ ਕੇ ਆਪਣੀ ਨਵੀਂ ਵੋਟ ਦਾ ਫਾਰਮ ਨੰਬਰ 6 ਭਰਕੇ ਦਿੱਤਾ ਜਾ ਸਕਦਾ ਹੈ।


NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage


IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



NATURAL HEALTH SOLUTIONS
Over 20 years Homeopathic/Holistic ways case solving experience

HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।

ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -
ਤੁਹਾਡੀ ਭਾਸ਼ਾ ਬੋਲਦੇ - Hindi, Punjabi & English



ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist

Phone: 647-779-5904
Address: 8 Camperdown Ave, Etobicoke.
Clinic hours: all appointment basis for client convenience

## ਡਰਾਈਵਰ ਨੂੰ ਪਿਆ ਮਿਰਗੀ ਦਾ ਦੌਰਾ, ਬੇਕਾਬੂ ਬੱਸ ਆਟੋ ਨਾਲ ਟਕਰਾਈ, ਇਕ ਦੀ ਮੌਤ



ਨਵੀਂ ਦਿੱਲੀ, 13 ਨਵੰਬਰ (ਪੋਸਟ ਬਿਊਰੋ)- ਦਿੱਲੀ ਵਿੱਚ ਉਲਟ ਦਿਸ਼ਾ ਤੋਂ ਆ ਰਹੀ ਇੱਕ ਬੱਸ ਨੇ ਇੱਕ ਆਟੋ ਰਿਕਸ਼ਾ ਨੂੰ ਟੱਕਰ ਮਾਰ ਦਿੱਤੀ। ਘਟਨਾ 'ਚ ਆਟੋ ਰਿਕਸ਼ਾ ਚਾਲਕ ਦੀ ਮੌਤ ਹੋ ਜਾਣ ਦੀ ਖਬਰ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਨੇ ਮੁਲਜ਼ਮ ਬੱਸ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਦੀ ਮੁਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਘਟਨਾ ਤੋਂ ਠੀਕ ਪਹਿਲਾਂ ਬੱਸ ਦੇ ਡਰਾਈਵਰ ਨੂੰ ਮਿਰਗੀ ਦਾ ਦੌਰਾ ਪੈ ਗਿਆ ਸੀ। ਇਸ ਕਾਰਨ ਉਹ ਬੱਸ 'ਤੇ ਕਾਬੂ ਨਾ ਰੱਖ ਸਕਿਆ ਅਤੇ ਬੱਸ ਨੇ ਸਾਹਮਣੇ ਤੋਂ ਆ ਰਹੇ ਆਟੋ ਨੂੰ ਟੱਕਰ ਮਾਰ ਦਿੱਤੀ।

ਪੁਲਸ ਨੇ ਘਟਨਾ 'ਚ ਜ਼ਖਮੀ ਹੋਏ ਆਟੋ ਰਿਕਸ਼ਾ ਚਾਲਕ ਨੂੰ ਗੰਭੀਰ ਹਾਲਤ 'ਚ ਨਜ਼ਦੀਕੀ ਹਸਪਤਾਲ 'ਚ ਦਾਖਲ ਕਰਵਾਇਆ, ਜਿੱਥੇ ਬਾਅਦ 'ਚ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਘਟਨਾ ਵੇਲੇ ਆਟੋ ਵਿੱਚ ਡਰਾਈਵਰ ਤੋਂ ਇਲਾਵਾ ਸਵਾਰੀਆਂ ਵੀ ਮੌਜੂਦ ਸਨ। ਜਿਨ੍ਹਾਂ ਦੀ ਸ਼ਿਕਾਇਤ 'ਤੇ ਪੁਲਸ ਨੇ ਇਸ ਮਾਮਲੇ 'ਚ ਮੁਲਜ਼ਮ ਬੱਸ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਇਸਤਾਨਬੁਲ ਹਮਲੇ 'ਚ ਧਮਾਕੇ ਵਿਚ 6 ਦੀ ਮੌਤ, 'ਧਮਾਕੇ ਪਿੱਛੇ ਹੋ ਸਕਦੀ ਹੈ ਅੱਤਵਾਦੀ ਸਾਜ਼ਿਸ਼', ਤੁਰਕੀ ਦੇ ਰਾਸ਼ਟਰਪਤੀ ਨੇ ਕਿਹਾ






ਇਸਤਾਨਬੁਲ, 13 ਨਵੰਬਰ (ਪੋਸਟ ਬਿਊਰੋ)- ਤੁਰਕੀ ਦੇ ਇਸਤਾਨਬੁਲ ਵਿਚ ਇਕ ਵਿਅਸਤ ਸੜਕ 'ਤੇ ਹੋਏ ਧਮਾਕੇ ਵਿਚ 6 ਲੋਕਾਂ ਦੀ ਮੌਤ ਹੋ ਗਈ ਹੈ। ਜਦਕਿ ਇਸ ਧਮਾਕੇ 'ਚ 30 ਤੋਂ ਵੱਧ ਲੋਕ ਗੰਭੀਰ ਰੂਪ 'ਚ ਜ਼ਖਮੀ ਦੱਸੇ ਜਾ ਰਹੇ ਹਨ। ਘਟਨਾ ਤੋਂ ਬਾਅਦ ਸਥਾਨਕ ਪੁਲਸ ਨੇ ਪੂਰੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸਭ ਦੇ ਵਿਚਕਾਰ ਟਵਿੱਟਰ 'ਤੇ ਇਸ ਧਮਾਕੇ ਨਾਲ ਜੁੜੀ ਇਕ ਵੀਡੀਓ ਵੀ ਵਾਇਰਲ ਹੋ ਰਹੀ ਹੈ। ਇਸ ਵੀਡੀਓ 'ਚ ਧਮਾਕੇ ਦੀ ਜ਼ੋਰਦਾਰ ਆਵਾਜ਼ ਨਾਲ ਅੱਗ ਦੀਆਂ ਲਪਟਾਂ ਉੱਠਦੀਆਂ ਦਿਖਾਈ ਦੇ ਰਹੀਆਂ ਹਨ। ਇਸ ਧਮਾਕੇ ਤੋਂ ਬਾਅਦ ਉੱਥੇ ਮੌਜੂਦ ਲੋਕ ਭੱਜਦੇ ਹੋਏ ਨਜ਼ਰ ਆ ਰਹੇ ਹਨ। ਏਐੱਫਪੀ ਮੁਤਾਬਕ ਜਿਸ ਇਲਾਕੇ ਵਿੱਚ ਧਮਾਕਾ ਹੋਇਆ ਹੈ, ਉਹ ਇੱਕ ਐਵੇਨਿਊ, ਦੁਕਾਨਾਂ ਅਤੇ ਰੈਸਟੋਰੈਂਟਾਂ ਨਾਲ ਘਿਰਿਆ ਹੋਇਆ ਹੈ। ਇਹ ਆਮ ਤੌਰ 'ਤੇ ਭੀੜ ਹੁੰਦੀ ਹੈ, ਕਿਉਂਕਿ ਇਹ ਸੈਲਾਨੀਆਂ ਅਤੇ ਸਥਾਨਕ ਲੋਕਾਂ ਵਿੱਚ ਬਹੁਤ ਮਸ਼ਹੂਰ ਹੈ।

ਇਸ ਘਟਨਾ ਬਾਰੇ ਕਾਸਿਮਪਾਸਾ ਥਾਣੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਫਿਲਹਾਲ ਸਾਰੇ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ। ਸਥਾਨਕ ਮੀਡੀਆ 'ਚ ਘੁੰਮ ਰਹੀ ਫੁਟੇਜ 'ਚ ਐਂਬੂਲੈਂਸ ਅਤੇ ਫਾਇਰ ਇੰਜਣ ਵੀ ਮੌਕੇ 'ਤੇ ਦਿਖਾਈ ਦਿੱਤੇ ਹਨ। ਧਮਾਕੇ ਦੀ ਸੂਚਨਾ ਮਿਲਣ ਤੋਂ ਬਾਅਦ ਹੀ ਸਥਾਨਕ ਪੁਲਿਸ ਨੇ ਪੂਰੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਹੈ। ਇਸ ਦੇ ਨਾਲ ਹੀ ਆਸਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੇ ਆਧਾਰ 'ਤੇ ਹਮਲਾਵਰਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਘਟਨਾ ਤੋਂ ਬਾਅਦ ਧਮਾਕੇ ਵਾਲੀ ਥਾਂ 'ਤੇ ਵੱਡੀ ਗਿਣਤੀ 'ਚ ਸੁਰੱਖਿਆ ਬਲ ਤਾਇਨਾਤ ਕਰ ਦਿੱਤੇ ਗਏ ਹਨ। ਫਿਲਹਾਲ ਪੁਲਸ ਇਸ ਮਾਮਲੇ ਦੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਕ ਚਸ਼ਮਦੀਦ ਨੇ ਏਐੱਫਪੀ ਨੂੰ ਦੱਸਿਆ ਕਿ ਜਦੋਂ ਧਮਾਕਾ ਹੋਇਆ ਤਾਂ ਮੈਂ ਧਮਾਕੇ ਵਾਲੀ ਥਾਂ ਤੋਂ ਸਿਰਫ਼ 50 ਤੋਂ 55 ਮੀਟਰ ਦੀ ਦੂਰੀ 'ਤੇ ਸੀ। ਧਮਾਕੇ ਤੋਂ ਬਾਅਦ ਮੈਂ ਤਿੰਨ ਤੋਂ ਚਾਰ ਲੋਕਾਂ ਨੂੰ ਜ਼ਮੀਨ 'ਤੇ ਪਏ ਦੇਖਿਆ। ਸੂਚਨਾ ਮਿਲਦੇ ਹੀ ਲੋਕ ਇਧਰ-ਉਧਰ ਭੱਜਣ ਲੱਗੇ। ਧਮਾਕੇ ਦੀ ਆਵਾਜ਼ ਜ਼ੋਰਦਾਰ ਸੀ। ਧਮਾਕੇ ਤੋਂ ਬਾਅਦ ਕਾਲੇ ਧੂੰਏਂ ਦਾ ਗੁਬਾਰ ਵੀ ਉੱਠਦਾ ਦੇਖਿਆ ਗਿਆ।

# ਅਮਰੀਕਾ ਦੇ ਏਅਰਸ਼ੋਅ ਦੌਰਾਨ 2 ਲੜਾਕੂ ਜਹਾਜ਼ ਆਪਸ ਵਿਚ ਟਕਰਾਏ, 6 ਲੋਕਾਂ ਦੀ ਮੌਤ ਦਾ ਖਦਸ਼ਾ



ਟੈਕਸਾਸ, 13 ਨਵੰਬਰ (ਪੋਸਟ ਬਿਊਰੋ)- ਡੈਲਾਸ, ਟੈਕਸਾਸ ਵਿੱਚ ਇੱਕ ਏਅਰਸ਼ੋਅ ਦੌਰਾਨ ਇੱਕ ਬੀ-17 ਭਾਰੀ ਬੰਬਾਰ ਇੱਕ ਹੋਰ ਜਹਾਜ਼ ਨਾਲ ਟਕਰਾ ਗਿਆ, ਜਿਸ ਵਿੱਚ ਘੱਟੋ-ਘੱਟ ਛੇ ਲੋਕਾਂ ਦੀ ਮੌਤ ਹੋ ਗਈ। ਇਹ ਘਟਨਾ ਵੈਟਰਨਜ਼ ਡੇ ਵੀਕਐਂਡ 'ਤੇ ਕਥਿਤ ਤੌਰ 'ਤੇ "ਅਮਰੀਕਾ ਦੇ ਪ੍ਰੀਮੀਅਰ ਵਿਸ਼ਵ ਯੁੱਧ -2 ਏਅਰਸ਼ੋਅ" ਦੌਰਾਨ ਵਾਪਰੀ, ਜਿੱਥੇ ਮਹਿਮਾਨ 40 ਤੋਂ ਵੱਧ ਵਿਸ਼ਵ ਯੁੱਧ-2 ਯੁੱਗ ਦੇ ਜਹਾਜ਼ਾਂ ਨੂੰ ਦੇਖਣ ਵਾਲੇ ਸਨ।

ਹਵਾਈ ਸੈਨਾ ਦੇ ਬੁਲਾਰੇ ਲੀਹ ਬਲਾਕ ਨੇ ਦੱਸਿਆ ਕਿ ਉਸ ਦਾ ਮੰਨਣਾ ਹੈ ਕਿ ਬੀ-17 'ਤੇ ਪੰਜ ਚਾਲਕ ਦਲ ਦੇ ਮੈਂਬਰ ਸਨ ਅਤੇ ਇਕ ਪੀ-63 'ਤੇ ਸੀ। ਡੱਲਾਸ ਦੇ ਮੇਅਰ ਐਰਿਕ ਜੌਹਨਸਨ ਨੇ ਕਿਹਾ ਕਿ ਇਸ ਸਮੇਂ ਬਹੁਤ ਸਾਰੇ ਵੇਰਵੇ ਅਸਪਸ਼ਟ ਹਨ। ਟਵਿੱਟਰ 'ਤੇ ਮੱਧ-ਹਵਾਈ ਟੱਕਰ ਦੇ ਕਈ ਵੀਡੀਓ ਵਾਇਰਲ ਹੋ ਰਹੇ ਸਨ। ਵੀਡੀਓ ਵਿੱਚ, ਦੋਵੇਂ ਜਹਾਜ਼ ਤੇਜ਼ੀ ਨਾਲ ਹੇਠਾਂ ਉਤਰਨ ਤੋਂ ਪਹਿਲਾਂ ਵਿਚਕਾਰ ਹਵਾ ਵਿੱਚ ਟਕਰਾਉਂਦੇ ਦਿਖਾਈ ਦਿੱਤੇ, ਜਿਸ ਕਾਰਨ ਇੱਕ ਵੱਡੀ ਅੱਗ ਅਤੇ ਕਾਲੇ ਧੂੰਏਂ ਦੇ ਗੁਬਾਰ ਉਠੇ।

ਨਾਗਰਿਕ ਟਰਾਂਸਪੋਰਟ ਹਾਦਸਿਆਂ ਦੀ ਜਾਂਚ ਲਈ ਜ਼ਿੰਮੇਵਾਰ ਅਮਰੀਕੀ ਸਰਕਾਰ ਦੀ ਜਾਂਚ ਏਜੰਸੀ ਨੇ ਕਿਹਾ ਕਿ ਉਹ ਟੱਕਰ ਦੀ ਜਾਂਚ ਕਰ ਰਹੀ ਹੈ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਦੇ ਨਿਊਜ਼ਰੂਮ ਨੇ ਟਵੀਟ ਕੀਤਾ, "ਬੋਰਡ ਇੱਕ ਬੋਇੰਗ ਬੀ-17 ਜੀ ਅਤੇ ਇੱਕ ਬੇਲ ਪੀ-63 ਐਫ ਵਿਚਕਾਰ ਸ਼ਨੀਵਾਰ ਨੂੰ ਡਲਾਸ, ਟੈਕਸਾਸ ਦੇ ਵਿਚਕਾਰ ਹੋਈ ਟੱਕਰ ਦੀ ਜਾਂਚ ਕਰਨ ਲਈ ਇੱਕ ਟੀਮ ਭੇਜ ਰਿਹਾ ਹੈ," ਮੈਂਬਰ ਮਾਈਕਲ ਗ੍ਰਾਹਮ ਬੁਲਾਰੇ ਵਜੋਂ ਕੰਮ ਕਰਨਗੇ। ਮੌਕੇ 'ਤੇ ਟੀਮ ਦੇ ਕੱਲ੍ਹ ਪਹੁੰਚਣ ਦੀ ਉਮੀਦ ਹੈ।"ਅਮਰੀਕੀ ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਬੀ-17 ਇੱਕ ਵੱਡਾ ਚਾਰ ਇੰਜਣ ਵਾਲਾ ਬੰਬਾਰ ਜਹਾਜ਼ ਹੈ, ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਅਮਰੀਕੀ ਹਵਾਈ ਸ਼ਕਤੀ ਦਾ ਆਧਾਰ ਸੀ। ਜ਼ਿਆਦਾਤਰ ਬੀ-17 ਨੂੰ ਦੂਜੇ ਵਿਸ਼ਵ ਯੁੱਧ ਦੇ ਅੰਤ ਵਿੱਚ ਖਤਮ ਕਰ ਦਿੱਤਾ ਗਿਆ ਸੀ, ਸਿਰਫ ਕੁਝ ਚੋਣਵੇਂ ਬਚੇ ਸਨ।

# ਡੋਨਾਲਡ ਟਰੰਪ ਦੀਆਂ ਉਮੀਦਾਂ 'ਤੇ ਪਾਣੀ ਫਿਰੇਗਾ ਅਮਰੀਕੀ ਸੈਨੇਟ 'ਚ ਜੋ ਬਾਈਡੇਨ ਦੀ ਚੱਲੇਗੀ !



ਵਾਸ਼ਿੰਗਟਨ, 13 ਨਵੰਬਰ (ਪੋਸਟ ਬਿਊਰੋ)- ਅਮਰੀਕਾ 'ਚ ਸੱਤਾਧਾਰੀ ਡੈਮੋਕ੍ਰੇਟਿਕ ਪਾਰਟੀ ਸੈਨੇਟ 'ਚ ਬਹੁਮਤ ਬਰਕਰਾਰ ਰੱਖੇਗੀ ਕਿਉਂਕਿ ਇਸ ਦੇ ਦੋ ਉਮੀਦਵਾਰਾਂ ਦੇ ਰਿਪਬਲਿਕਨ ਪਾਰਟੀ ਦੇ ਉਮੀਦਵਾਰਾਂ ਖਿਲਾਫ ਜਿੱਤ ਦੀ ਉਮੀਦ ਹੈ। ਨੇਵਾਡਾ ਵਿੱਚ, ਸੈਨੇਟਰ ਕੈਥਰੀਨ ਕੋਰਟੇਜ਼ ਮਾਸਟੋ ਤੋਂ ਆਪਣੇ ਰਿਪਬਲਿਕਨ ਵਿਰੋਧੀ ਐਡਮ ਲੈਕਟ ਨੂੰ ਹਰਾਉਣ ਦੀ ਉਮੀਦ ਹੈ, ਜਿਸਦਾ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਮਰਥਨ ਕੀਤਾ ਸੀ। ਇਸ ਦੇ ਨਾਲ ਹੀ ਐਰੀਜ਼ੋਨਾ ਵਿੱਚ ਸੈਨੇਟਰ ਮਾਰਕ ਕੈਲੀ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਬਲੈਕ ਮਾਸਟਰਸ ਨੂੰ ਹਰਾਉਣ ਵੱਲ ਵਧ ਰਹੇ ਹਨ।

ਇਨ੍ਹਾਂ ਨਤੀਜਿਆਂ ਤੋਂ ਬਾਅਦ 100 ਮੈਂਬਰੀ ਸੈਨੇਟ 'ਚ ਡੈਮੋਕ੍ਰੇਟਿਕ ਪਾਰਟੀ ਕੋਲ 50 ਸੀਟਾਂ ਰਹਿ ਜਾਣਗੀਆਂ, ਜਦਕਿ ਰਿਪਬਲਿਕਨ ਪਾਰਟੀ ਕੋਲ ਇਸ ਸਮੇਂ 49 ਸੀਟਾਂ ਹਨ। ਜਾਰਜੀਆ ਦੇ ਚੋਣ ਨਤੀਜੇ ਅਜੇ ਸਾਹਮਣੇ ਨਹੀਂ ਆਏ ਹਨ। ਅਮਰੀਕੀ ਸੈਨੇਟ ਵਿੱਚ 100 ਸੀਟਾਂ ਹਨ, ਜਿਨ੍ਹਾਂ ਵਿੱਚੋਂ 50-50 ਡੈਮੋਕਰੇਟਿਕ ਅਤੇ ਰਿਪਬਲਿਕਨ ਪਾਰਟੀਆਂ ਦੇ ਮੈਂਬਰ ਸਨ। ਟਾਈ ਹੋਣ ਦੀ ਸਥਿਤੀ ਵਿੱਚ, ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਸੈਨੇਟ ਦੇ ਮੁਖੀ ਵਜੋਂ ਆਪਣੀ ਵੋਟ ਪਾਈ।

ਇਸ ਤੋਂ ਪਹਿਲਾਂ ਸੈਨੇਟ ਦੇ ਨੇਤਾ ਹਾਊਸ ਚੱਕ ਸ਼ੂਮਰ ਨੇ ਸ਼ਨੀਵਾਰ ਰਾਤ ਨੂੰ ਜਿੱਤ ਦਾ ਦਾਅਵਾ ਕੀਤਾ ਸੀ। ਉਨ੍ਹਾਂ ਨੇ ਟਵੀਟ ਕੀਤਾ, "ਸੈਨੇਟ ਵਿੱਚ ਡੈਮੋਕ੍ਰੇਟਿਕ ਪਾਰਟੀ ਬਹੁਮਤ ਹੈ।" ਅਮਰੀਕੀ ਕਾਂਗਰਸ (ਸੰਸਦ) ਦੇ ਦੋ ਸਦਨਾਂ ਸੈਨੇਟ ਅਤੇ ਪ੍ਰਤੀਨਿਧੀ ਸਭਾ ਲਈ 8 ਨਵੰਬਰ ਨੂੰ ਵੋਟਿੰਗ ਹੋਈ ਸੀ। ਦੂਜੇ ਪਾਸੇ ਪ੍ਰਤੀਨਿਧੀ ਸਭਾ ਦੀ ਗੱਲ ਕਰੀਏ ਤਾਂ ਸ਼ਨੀਵਾਰ ਤੱਕ ਰਿਪਬਲਿਕਨ ਪਾਰਟੀ 213 ਸੀਟਾਂ ਜਿੱਤ ਚੁੱਕੀ ਸੀ ਜਾਂ ਅੱਗੇ ਚੱਲ ਰਹੀ ਸੀ। ਡੈਮੋਕ੍ਰੇਟਿਕ ਪਾਰਟੀ ਅੱਗੇ ਸੀ ਜਾਂ 203 ਸੀਟਾਂ ਜਿੱਤ ਚੁੱਕੀ ਸੀ। ਇਸ ਦੌਰਾਨ ਡੈਮੋਕ੍ਰੇਟਿਕ ਪਾਰਟੀ ਦੇ ਸਿਸਕੋ ਐਗੁਇਲਰ ਨੂੰ ਨੇਵਾਡਾ ਦਾ 'ਸੈਕਰੇਟਰੀ ਆਫ਼ ਸਟੇਟ' ਚੁਣਿਆ ਗਿਆ ਹੈ। ਉਨ੍ਹਾਂ ਨੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਜਿਮ ਮਰਚੈਂਟ ਨੂੰ ਹਰਾਇਆ।

## ਦਿੱਲੀ 'ਚ ਹਵਾ ਪ੍ਰਦੂਸ਼ਣ ਹੋਇਆ ਥੋੜ੍ਹਾ ਘੱਟ, ਪਰ ਹਵਾ ਅਜੇ ਵੀ ਜ਼ਹਿਰੀਲੀ

ਨਵੀਂ ਦਿੱਲੀ, 13 ਨਵੰਬਰ (ਪੋਸਟ ਬਿਊਰੋ)- ਸਿਸਟਮ ਆਫ ਏਅਰ ਕੁਆਲਿਟੀ ਐਂਡ ਵੇਦਰ ਫੋਰਕਾਸਟਿੰਗ ਐਂਡ ਰਿਸਰਚ ਦੇ ਮੁਤਾਬਕ, ਰਾਸ਼ਟਰੀ ਰਾਜਧਾਨੀ ਦਾ ਏਅਰ ਕੁਆਲਿਟੀ ਇੰਡੈਕਸ ਸਵੇਰੇ 8 ਵਜੇ 320 'ਤੇ ਰਿਹਾ। ਇਸ ਦ੍ਰਿਸ਼ਟੀਕੋਣ ਤੋਂ ਐਤਵਾਰ ਸਵੇਰੇ ਦਿੱਲੀ ਵਿੱਚ ਹਵਾ ਦੀ ਗੁਣਵੱਤਾ ਵਿੱਚ ਮਾਮੂਲੀ ਸੁਧਾਰ ਹੋਇਆ ਹੈ। ਹਾਲਾਂਕਿ, ਇਸ ਸੁਧਾਰ ਦੇ ਬਾਵਜੂਦ, ਸ਼ਹਿਰ ਦੀ ਹਵਾ ਦੀ ਗੁਣਵੱਤਾ ਅਜੇ ਵੀ 'ਬਹੁਤ ਖਰਾਬ' ਸ਼੍ਰੇਣੀ ਵਿੱਚ ਹੈ। ਸ਼ਨੀਵਾਰ ਨੂੰ ਸ਼ਹਿਰ 'ਚ ਹਵਾ ਦੀ ਗੁਣਵੱਤਾ 353 ਦਰਜ ਕੀਤੀ ਗਈ।

ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਵੀ ਹਵਾ ਦੀ ਮਾੜੀ ਗੁਣਵੱਤਾ ਦੇਖੀ ਗਈ ਕਿਉਂਕਿ ਨੋਇਡਾ ਵਿੱਚ ਵੀ 341 ਦੇ ਏਕਿਊਆਈ ਨਾਲ ਬਹੁਤ ਖਰਾਬ ਹਵਾ ਦੀ ਗੁਣਵੱਤਾ ਦਰਜ ਕੀਤੀ ਗਈ, ਜਦੋਂ ਕਿ ਗੁਰੂਗ੍ਰਾਮ ਦਾ ਏਕਿਊਆਈ 324 ਰਿਹਾ ਅਤੇ 'ਬਹੁਤ ਮਾੜੀ' ਸ਼੍ਰੇਣੀ ਵਿੱਚ ਰਿਹਾ। ਰਾਸ਼ਟਰੀ ਰਾਜਧਾਨੀ ਦੇ ਸਾਰੇ ਪ੍ਰਮੁੱਖ ਨਿਗਰਾਨੀ ਸਟੇਸ਼ਨਾਂ 'ਤੇ ਰਿਕਾਰਡ ਕੀਤਾ ਗਿਆ ਏਕਿਊਆਈ ਵੀ 'ਬਹੁਤ ਖਰਾਬ' ਸ਼੍ਰੇਣੀ ਵਿੱਚ ਰਿਹਾ। ਪੂਸਾ ਨੇ 326 ਦਾ ਏਕਿਊਆਈ ਦਰਜ ਕੀਤਾ, ਜਦੋਂ ਕਿ ਧੀਰਪੁਰ ਨੇ 319 ਦਾ ਏਕਿਊਆਈ ਰਿਕਾਰਡ ਕੀਤਾ।

ਲੋਧੀ ਰੋਡ ਨੇ 315 ਦਾ ਏਕਿਊਆਈ, ਦਿੱਲੀ ਏਅਰਪੋਰਟ ਦਾ ਏਕਿਊਆਈ 315 ਅਤੇ ਮਥੁਰਾ ਰੋਡ ਨੇ 324 ਦਾ ਏਕਿਊਆਈ ਦਰਜ ਕੀਤਾ। ਦਿੱਲੀ ਯੂਨੀਵਰਸਿਟੀ ਵਿੱਚ ਏਕਿਊਆਈ 317 ਅਤੇ ਆਈਆਈਟੀ ਦਿੱਲੀ ਵਿੱਚ 317 ਦਰਜ ਕੀਤਾ ਗਿਆ ਸੀ। 'ਬਹੁਤ ਗਰੀਬ' ਸ਼੍ਰੇਣੀ 'ਚ 349ਵੇਂ ਸਥਾਨ 'ਤੇ ਹੈ। 0 ਤੋਂ 100 ਦੇ ਹਵਾ ਗੁਣਵੱਤਾ ਸੂਚਕਾਂਕ ਨੂੰ ਚੰਗਾ ਮੰਨਿਆ ਜਾਂਦਾ ਹੈ, ਜਦੋਂ ਕਿ 100 ਤੋਂ 200 ਨੂੰ ਮੱਧਮ, 200 ਤੋਂ 300 ਮਾੜਾ, ਅਤੇ 300 ਤੋਂ 400 ਨੂੰ ਬਹੁਤ ਮਾੜਾ ਅਤੇ 400 ਤੋਂ 500 ਜਾਂ ਇਸ ਤੋਂ ਵੱਧ ਗੰਭੀਰ ਮੰਨਿਆ ਜਾਂਦਾ ਹੈ।

# ਮੁੰਬਈ ਏਅਰਪੋਰਟ ਕਸਟਮ ਨੇ ਇਕ ਦਿਨ 'ਚ 61 ਕਿਲੋ ਸੋਨਾ ਕੀਤਾ ਜ਼ਬਤ, 7 ਲੋਕ ਗ੍ਰਿਫਤਾਰ

ਮੁੰਬਈ, 13 ਨਵੰਬਰ (ਪੋਸਟ ਬਿਊਰੋ)- ਕਸਟਮ ਵਿਭਾਗ ਨੇ ਐਤਵਾਰ ਨੂੰ ਮੁੰਬਈ ਹਵਾਈ ਅੱਡੇ 'ਤੇ ਇਕ ਦਿਨ 'ਚ 32 ਕਰੋੜ ਰੁਪਏ ਦਾ 61 ਕਿਲੋ ਸੋਨਾ ਜ਼ਬਤ ਕੀਤਾ। ਇਸ ਮਾਮਲੇ 'ਚ 7 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ 'ਚ 2 ਔਰਤਾਂ ਵੀ ਸ਼ਾਮਲ ਹਨ। ਮੁੰਬਈ ਕਸਟਮ ਵਿਭਾਗ ਦੇ ਇਤਿਹਾਸ ਵਿਚ ਹਵਾਈ ਅੱਡੇ 'ਤੇ ਇਕ ਦਿਨ ਵਿਚ ਇਹ ਸਭ ਤੋਂ ਵੱਡੀ ਜ਼ਬਤੀ ਹੈ।

ਕਸਟਮ ਵਿਭਾਗ ਮੁਤਾਬਕ ਪਹਿਲੇ ਮਾਮਲੇ 'ਚ ਤਨਜ਼ਾਨੀਆ ਤੋਂ 4 ਭਾਰਤੀ ਯਾਤਰੀ ਆਏ ਸਨ। ਉਸ ਨੇ ਖਾਸ ਤੌਰ 'ਤੇ ਡਿਜ਼ਾਈਨ ਕੀਤੀ ਕਮਰ ਬੈਲਟ ਦੀਆਂ ਜੇਬਾਂ ਵਿਚ ਸੋਨਾ ਲੁਕਾਇਆ ਹੋਇਆ ਸੀ। ਚਾਰਾਂ ਕੋਲੋਂ 28.17 ਕਰੋੜ ਰੁਪਏ ਦਾ ਕੁੱਲ 53 ਕਿਲੋ ਸੋਨਾ ਬਰਾਮਦ ਹੋਇਆ ਹੈ। ਸੰਯੁਕਤ ਅਰਬ ਅਮੀਰਾਤ ਵਿੱਚ ਵਿਸ਼ੇਸ਼ ਤੌਰ 'ਤੇ ਡਿਜ਼ਾਈਨ ਕੀਤੀਆਂ ਬੈਲਟਾਂ ਵਿੱਚ ਸੋਨੇ ਦੀਆਂ ਬਾਰਾਂ ਲੁਕਾਈਆਂ ਗਈਆਂ ਸਨ। ਇਹ ਬੈਲਟ ਟਰਾਂਜ਼ਿਟ ਸਮੇਂ ਦੌਰਾਨ ਦੋਹਾ ਹਵਾਈ ਅੱਡੇ 'ਤੇ ਇੱਕ ਸੂਡਾਨੀ ਨਾਗਰਿਕ ਦੁਆਰਾ ਸੌਂਪੀ ਗਈ ਸੀ। ਕਤਰ ਏਅਰਵੇਜ਼ ਦੀ ਫਲਾਈਟ ਨੰਬਰ ਬ੍ਰ-556 ਨੇ ਦੋਹਾ ਤੋਂ ਆ ਰਹੇ 4 ਭਾਰਤੀ ਯਾਤਰੀਆਂ ਨੂੰ ਰੋਕਿਆ। ਪੁੱਛਗਿੱਛ ਕਰਨ 'ਤੇ ਪਤਾ ਲੱਗਾ ਕਿ ਉਹ ਤਨਜ਼ਾਨੀਆ ਤੋਂ ਆ ਰਹੇ ਹਨ। ਸੋਨੇ ਦੀਆਂ ਬਾਰਾਂ ਉਨ੍ਹਾਂ ਦੇ ਸਰੀਰ 'ਤੇ ਵਿਸ਼ੇਸ਼ ਤੌਰ 'ਤੇ ਡਿਜ਼ਾਈਨ ਕੀਤੀ ਬੈਲਟ ਵਿਚ ਛੁਪਾ ਦਿੱਤੀਆਂ ਗਈਆਂ ਸਨ, ਜਿਸ ਦੀਆਂ ਕਈ ਜੇਬਾਂ ਸਨ।

ਪੁੱਛਗਿੱਛ ਦੌਰਾਨ ਚਾਰੇ ਯਾਤਰੀਆਂ ਨੇ ਕਬੂਲ ਕੀਤਾ ਹੈ ਕਿ ਉਨ੍ਹਾਂ ਨੂੰ ਦੋਹਾ ਹਵਾਈ ਅੱਡੇ 'ਤੇ ਕਿਸੇ ਅਣਪਛਾਤੇ ਸੂਡਾਨੀ ਵੱਲੋਂ ਸੋਨਾ ਸੌਂਪਿਆ ਗਿਆ ਸੀ। ਹਾਲਾਂਕਿ, ਉਸ ਯਾਤਰੀ ਨੇ ਉਨ੍ਹਾਂ ਨਾਲ ਯਾਤਰਾ ਨਹੀਂ ਕੀਤੀ। ਚਾਰਾਂ ਯਾਤਰੀਆਂ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਨ੍ਹਾਂ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ।

11 ਨਵੰਬਰ ਨੂੰ ਹੀ ਇਕ ਹੋਰ ਮਾਮਲੇ ਵਿਚ, ਇਸ ਮਾਮਲੇ ਵਿਚ ਖੁਫੀਆ ਜਾਣਕਾਰੀ ਦੇ ਆਧਾਰ 'ਤੇ, ਮੁੰਬਈ ਹਵਾਈ ਅੱਡੇ 'ਤੇ ਕਸਟਮ ਅਧਿਕਾਰੀਆਂ ਨੇ ਵਿਸਤਾਰਾ ਫਲਾਈਟ 'ਤੇ ਦੁਬਈ ਤੋਂ ਆਏ ਤਿੰਨ ਯਾਤਰੀਆਂ (ਇਕ ਪੁਰਸ਼ ਅਤੇ ਦੋ ਔਰਤਾਂ) ਤੋਂ 3.88 ਕਰੋੜ ਰੁਪਏ ਦਾ 8 ਕਿਲੋ ਸੋਨਾ ਜ਼ਬਤ ਕੀਤਾ ਸੀ। ਮੋਮ ਦੇ ਰੂਪ ਵਿੱਚ ਸੋਨੇ ਦਾ ਪੇਸਟ ਯਾਤਰੀਆਂ ਦੁਆਰਾ ਪਹਿਨੀ ਗਈ ਜੀਨਸ ਪੈਂਟ ਦੇ ਕਮਰ ਦੇ ਕੋਲ ਲੁਕਾਇਆ ਗਿਆ ਸੀ। ਤਿੰਨ ਯਾਤਰੀਆਂ 'ਚੋਂ ਇਕ 60 ਸਾਲਾ ਮਹਿਲਾ ਯਾਤਰੀ ਵ੍ਹੀਲ ਚੇਅਰ 'ਤੇ ਸਵਾਰ ਸੀ। ਤਿੰਨਾਂ ਯਾਤਰੀਆਂ ਨੂੰ ਗ੍ਰਿਫ਼ਤਾਰ ਕਰਕੇ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਮਾਮਲੇ ਸਬੰਧੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

## ਲੋਹਾ ਚੋਰੀ ਦੇ ਦੋਸ਼ 'ਚ ਭੀੜ ਨੇ 2 ਨੌਜਵਾਨਾਂ ਨੂੰ ਬਿਜਲੀ ਦੇ ਖੰਭੇ ਨਾਲ ਬੰਨ੍ਹ ਕੁੱਟਿਆ

ਪਟਨਾ, 13 ਨਵੰਬਰ (ਪੋਸਟ ਬਿਊਰੋ)- ਬਿਹਾਰ ਦੇ ਮੁਜ਼ੱਫਰਪੁਰ ਜ਼ਿਲੇ ਦੇ ਅਹੀਆਪੁਰ ਥਾਣਾ ਖੇਤਰ ਦੇ ਦਾਦਰ 'ਚ ਲੋਹਾ ਚੋਰੀ ਕਰਨ ਦੇ ਦੋਸ਼ 'ਚ ਭੀੜ ਨੇ ਦੋ ਨੌਜਵਾਨਾਂ ਨੂੰ ਬਿਜਲੀ ਦੇ ਖੰਭੇ ਨਾਲ ਬੰਨ੍ਹ ਕੇ ਬੁਰੀ ਤਰ੍ਹਾਂ ਕੁੱਟਿਆ। ਇਸ ਪੂਰੀ ਘਟਨਾ ਦਾ ਇੱਕ ਵੀਡੀਓ ਸਾਹਮਣੇ ਆਇਆ ਹੈ ਜਿਸ ਵਿੱਚ ਲੋਕ ਰੱਸੀ ਨਾਲ ਨੌਜਵਾਨਾਂ ਨੂੰ ਖੰਭੇ ਨਾਲ ਬੰਨ੍ਹ ਕੇ ਇੱਟਾਂ ਨਾਲ ਕੁੱਟ ਰਹੇ ਹਨ। ਲੋਕ ਮੁਲਜ਼ਮਾਂ ਨੂੰ ਉਦੋਂ ਤੱਕ ਕੁੱਟਦੇ ਰਹੇ ਜਦੋਂ ਤੱਕ ਦੋਵੇਂ ਬੇਹੋਸ਼ ਨਹੀਂ ਹੋ ਗਏ। ਹੈਰਾਨੀ ਦੀ ਗੱਲ ਇਹ ਹੈ ਕਿ ਸੂਚਨਾ ਦੇਣ ਦੇ ਕਰੀਬ ਇੱਕ ਘੰਟਾ ਬਾਅਦ ਵੀ ਅਹੀਆਪੁਰ ਪੁਲੀਸ ਮੌਕੇ 'ਤੇ ਨਹੀਂ ਪੁੱਜੀ। ਬਾਅਦ ਵਿੱਚ ਸਿਟੀ ਡੀਐਸਪੀ ਰਾਘਵ ਦਿਆਲ ਵੱਲੋਂ ਸੂਚਨਾ ਮਿਲਣ 'ਤੇ ਪੁਲੀਸ ਮੌਕੇ 'ਤੇ ਪੁੱਜੀ।


ਜਾਣਕਾਰੀ ਮੁਤਾਬਕ ਦੋਵੇਂ ਸਿਕੰਦਰਪੁਰ ਦੇ ਰਹਿਣ ਵਾਲੇ ਹਨ। ਪੁਲਿਸ ਦੋਵਾਂ ਤੋਂ ਪੁੱਛਗਿੱਛ ਕਰ ਰਹੀ ਹੈ। ਸੁਰੇਸ਼ ਰਾਏ ਦਾਦਰ ਪੁਲ ਨੇੜੇ ਲੋਹੇ ਦਾ ਸ਼ੈੱਡ ਬਣਾ ਰਹੇ ਹਨ। ਪਿਛਲੇ ਇੱਕ ਹਫ਼ਤੇ ਤੋਂ ਇੱਕ ਕੁਇੰਟਲ ਤੋਂ ਵੱਧ ਲੋਹਾ ਚੋਰੀ ਹੋ ਗਿਆ ਸੀ। ਸ਼ੁੱਕਰਵਾਰ ਦੁਪਹਿਰ ਨੂੰ ਵੀ ਦੋ ਨੌਜਵਾਨ ਲੋਹਾ ਚੋਰੀ ਕਰਨ ਆਏ ਸਨ। ਇਸ ਦੌਰਾਨ ਸਥਾਨਕ ਲੋਕਾਂ ਦੀ ਨਜ਼ਰ ਉਨ੍ਹਾਂ 'ਤੇ ਪਈ। ਲੋਕਾਂ ਨੂੰ ਦੇਖ ਕੇ ਦੋਵੇਂ ਨੌਜਵਾਨ ਭੱਜਣ ਲੱਗੇ। ਇਸ ਤੋਂ ਬਾਅਦ ਭੀੜ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਦੋਵਾਂ ਨੂੰ ਫੜ੍ਹ ਲਿਆ। ਫਿਰ ਉਨ੍ਹਾਂ ਨੂੰ ਲੋਹੇ ਦੇ ਖੰਭੇ ਨਾਲ ਬੰਨ੍ਹ ਕੇ ਉਨ੍ਹਾਂ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਇੱਥੇ ਡੀਐਸਪੀ ਰਾਘਵ ਦਿਆਲ ਨੇ ਦੱਸਿਆ ਕਿ ਦੋ ਨੌਜਵਾਨਾਂ ਨੂੰ ਲੋਹੇ ਦੇ ਖੰਭੇ ਨਾਲ ਬੰਨ੍ਹ ਕੇ ਕੁੱਟਣ ਦੀ ਵੀਡੀਓ ਵਾਇਰਲ ਹੋਈ ਹੈ। ਪੁਲਿਸ ਇਸ ਦੀ ਪੁਸ਼ਟੀ ਕਰ ਰਹੀ ਹੈ। ਬੇਰਹਿਮੀ ਨਾਲ ਕੁੱਟਣ ਵਾਲਿਆਂ ਦੀ ਸ਼ਨਾਖਤ ਕਰਕੇ ਕਾਰਵਾਈ ਕੀਤੀ ਜਾਵੇਗੀ।







# ਰੂਸ ਤੇ ਤੀਹ ਹੋਰ ਦੇਸ਼ਾਂ ਦਾ ਠੀਕ ਮਤਾ, ਭਾਰਤ ਵੱਲੋਂ ਠੀਕ ਹਮਾਇਤ, ਪਰ ਇਸ ਤੋਂ ਬਾਅਦ ...



ਜਤਿੰਦਰ ਪੰਨੂ

ਸਾਡੇ ਭਾਰਤ ਦੇਸ਼ ਵਿੱਚ ਜਿਸ ਤਰ੍ਹਾਂ ਦੀ ਨਿਰਾਸ਼ਾ ਪੈਦਾ ਕਰਨ ਵਾਲੀ ਰਾਜਨੀਤੀ ਚੱਲਦੀ ਹੈ, ਅਸਲ ਵਿੱਚ ਚਲਾਈ ਜਾਂਦੀ ਹੈ, ਓਦਾਂ ਦੀ ਦੁਨੀਆ ਦੇ ਹੋਰ ਕਈ ਦੇਸ਼ਾਂ ਵਿੱਚ ਵੀ ਚੱਲਦੀ ਹੈ ਤੇ ਇਹ ਰਾਜਨੀਤੀ ਮਨੁੱਖਤਾ ਲਈ ਅੰਤਲੇ ਨਤੀਜੇ ਵਜੋਂ ਹਰ ਦੇਸ਼ ਵਿੱਚ ਘਾਤਕ ਹੀ ਸਿੱਧ ਹੁੰਦੀ ਰਹਿੰਦੀ ਹੈ। ਭਾਰਤ ਅਤੇ ਇਸ ਦੇ ਕਈ ਗਵਾਂਢੀ ਦੇਸ਼ਾਂ ਵਿੱਚ ਚੱਲਦੀ ਆਮ ਦਿੱਸਦੀ ਰਾਜਨੀਤੀ ਦੀ ਇਹ ਵੰਨਗੀ ਸੰਸਾਰ ਭਰ ਦੇ ਹੋਰ ਇਲਾਕਿਆਂ ਦੇ ਦੇਸ਼ਾਂ ਤੋਂ ਕੁਝ ਪੱਖਾਂ ਤੋਂ ਅਲੋਕਾਰ ਹੈ, ਕਿਉਂਕਿ ਇਹ ਦੇਸ਼ ਬਹੁਤਾ ਕਰ ਕੇ ਕਿਸੇ ਨਾ ਕਿਸੇ ਵਕਤ ਮੂਲ ਭਾਰਤ ਦੀ ਧਰਤੀ ਨਾਲ ਜੁੜੇ ਰਹੇ ਸਨ ਤੇ ਇਸ ਨਾਲੋਂ ਵੱਖ ਹੋਣ ਵੇਲੇ ਇਹਦੇ ਸੱਭਿਆਚਾਰ ਵਿਚਲਾ ਜਾਤ-ਪਾਤ ਅਤੇ ਹੋਰ ਕਈ ਤਰ੍ਹਾਂ ਦਾ ਕੂੜ-ਕਬਾੜ ਵੀ ਆਪਣੀ ਵਿਰਾਸਤ ਵਜੋਂ ਨਾਲ ਲੈ ਗਏ ਸਨ। ਦੂਸਰੇ ਪਾਸੇ ਦੁਨੀਆ ਦੇ ਕੁਝ ਦੇਸ਼ਾਂ ਵਿੱਚ ਇਸ ਤੋਂ ਵੱਖਰੀ ਤਰ੍ਹਾਂ ਦੀ ਰਾਜਨੀਤਕ ਕਚ੍ਰਿਆਣ ਦੇ ਰੂਪ ਉੱਭਰਦੇ ਰਹੇ ਹਨ, ਪਰ ਉਨ੍ਹਾਂ ਦਾ ਅੰਤਲਾ ਅਸਰ ਵੀ ਮਨੁੱਖਤਾ ਦੇ ਘਾਣ ਵਿੱਚ ਲਗਭਗ ਓਸੇ ਤਰ੍ਹਾਂ ਨਿਕਲਦਾ ਰਿਹਾ ਹੈ, ਜਿੱਦਾਂ ਭਾਰਤੀ ਸਮਾਜ ਵਿੱਚ ਨਿਕਲਦਾ ਰਿਹਾ ਤੇ ਅਜੇ ਤੱਕ ਨਿਕਲਦਾ ਰਹਿੰਦਾ ਹੈ। ਕਿਸੇ ਥਾਂ ਇਹ ਨਸਲਵਾਦੀ ਰੂਪ ਵਿੱਚ ਹੈ, ਕਿਸੇ ਥਾਂ ਇੱਕ ਜਾਂ ਦੂਸਰੇ ਧਰਮ ਦੇ ਲੋਕਾਂ ਦੇ ਖਿਲਾਫ ਸਿੱਧੀ ਜਾਂ ਅਸਿੱਧੀ ਨਫਰਤ ਦੇ ਰੂਪ ਵਿੱਚ ਅਤੇ ਕਿਸੇ ਹੋਰ ਥਾਂ ਉਸ ਦੇਸ਼ ਵਿੱਚ ਕਿਸੇ ਵੀ ਹੋਰ ਦੇਸ਼ ਤੋਂ ਆਣ ਕੇ ਵੱਸਦੇ ਲੋਕਾਂ ਨੂੰ ਬਾਹਰੀ ਹਮਲਾ ਸਮਝਣ ਅਤੇ ਪ੍ਰਚਾਰਨ ਦੇ ਰੂਪ ਵਿੱਚ ਇਹ ਗੰਦੀ ਸੋਚ ਭਾਰੂ ਹੁੰਦੀ ਵਿਖਾਈ ਦੇਂਦੀ ਹੈ। ਜਰਮਨੀ ਦੇ ਹਿਟਲਰ ਤੇ ਇਟਲੀ ਦੇ ਮੁਸੋਲਿਨੀ ਦੀ ਅਗਵਾਈ ਹੇਠ ਚੱਲੀ ਜਿਸ ਮਨੁੱਖ-ਮਾਰੂ ਲਹਿਰ ਨੇ ਦੂਸਰੀ ਸੰਸਾਰ ਜੰਗ ਦੌਰਾਨ ਕਰੋੜਾਂ ਲੋਕ ਮਰਵਾਏ ਸਨ, ਉਸ ਦੇ ਪਿੱਛੇ ਵੀ ਇਸ ਤੋਂ ਕੁਝ ਕੁ ਵੱਖਰੇ ਰੂਪ ਵਿੱਚ ਇਹੋ ਗੰਦੀ ਸੋਚ ਭਾਰੂ ਸੀ, ਜਿਹੜੀ ਉਸ ਪਿੱਛੋਂ ਅੱਜ ਤੱਕ ਵੀ ਗਲ਼ੋਂ ਨਹੀਂ ਲੱਥ ਸਕੀ।

ਇਸ ਨਵੰਬਰ ਮਹੀਨੇ ਦੇ ਪਹਿਲੇ ਹਫਤੇ ਵਿੱਚ ਸੰਸਾਰ ਦੀ ਸੱਥ ਸਮਝੀ ਜਾਂਦੀ ਯੂ ਐੱਨ ਓ ਦੀ ਜਰਨਲ ਅਸੈਂਬਲੀ ਨੇ ਇੱਕ ਮਤਾ ਪਾਸ ਕੀਤਾ ਸੀ, ਜਿਸ ਨੂੰ ਪੱਛਮੀ ਮੁਲਕਾਂ ਨੇ ਯੂਕਰੇਨ ਨਾਲ ਜੰਗ ਵਿੱਚ ਫਸੇ ਹੋਏ ਰੂਸ ਦੀ ਚਾਲ ਕਹਿ ਕੇ ਭੰਡਿਆ ਤੇ ਉਸ ਦਾ ਡਟਵਾਂ ਵਿਰੋਧ ਕੀਤਾ ਤੇ ਕਰਵਾਇਆ ਸੀ। ਉਹ ਮਤਾ ਇਕੱਲੇ ਰੂਸ ਨੇ ਪੇਸ਼ ਨਹੀਂ ਸੀ ਕੀਤਾ, ਉਸ ਨਾਲ ਤੀਹ ਦੇਸ਼ ਹੋਰ ਸਨ ਅਤੇ ਇਕੱਤੀ ਦੇਸ਼ਾਂ ਦੇ ਉਸ ਮਤੇ ਨੂੰ ਭਾਰਤ ਸਮੇਤ ਇੱਕ ਸੌ ਪੰਜ ਦੇਸ਼ਾਂ ਨੇ ਵੋਟਾਂ ਪਾ ਕੇ ਪਾਸ ਕਰਨ ਵਿੱਚ ਹਿੱਸਾ ਪਾਇਆ ਸੀ। ਪੱਛਮੀ ਦੇਸ਼ਾਂ ਦੇ ਲਲਕਾਰੇ ਉੱਤੇ ਬਵੰਜਾ ਦੇਸ਼ਾਂ ਨੇ ਇਸ ਦਾ ਵਿਰੋਧ ਕੀਤਾ ਅਤੇ ਪੰਦਰਾਂ ਦੇਸ਼ਾਂ ਨੇ ਕਿਸੇ ਪਾਸੇ ਵੋਟ ਨਹੀਂ ਸੀ ਪਾਈ। ਸੰਸਾਰ ਦੇ ਸੌ ਤੋਂ ਵੱਧ ਦੇਸ਼ ਬੇਵਕੂਫ ਨਹੀਂ ਸੀ ਕਿ ਰੂਸ ਦੀ ਕਿਸੇ ਚਾਲ ਵਿੱਚ ਫਸ ਕੇ ਇਹੋ ਜਿਹੇ ਮਸਲੇ ਉੱਤੇ ਅਮਰੀਕਾ ਅਤੇ ਉਸ ਦੇ ਜੋਟੀਦਾਰਾਂ ਨਾਲ ਪੇਚਾ ਪਾਉਣ ਤੁਰ ਪੈਂਦੇ। ਅਸਲ ਵਿੱਚ ਇਹ ਮਤਾ ਜਿਸ ਮਨੁੱਖਵਾਦੀ ਸੋਚ ਉੱਤੇ ਆਧਰਤ ਸੀ, ਉਸ ਦਾ ਵਿਰੋਧ ਕਰ ਕੇ ਉਹ ਦੇਸ਼ ਮਨੁੱਖਤਾ ਦੇ ਭਵਿੱਖ ਲਈ ਆਪਣੇ ਆਪ ਨੂੰ ਗੁਨਾਹਗਾਰਾਂ ਦੀ ਸੂਚੀ ਵਿੱਚ ਨਹੀਂ ਸਨ ਲਿਖਵਾਉਣਾ ਚਾਹੁੰਦੇ। ਹੈਰਾਨੀ ਦੀ ਗੱਲ ਹੈ ਕਿ ਭਾਰਤ ਨੇ ਵੋਟ ਰੂਸ ਤੇ ਉਸ ਦੇ ਸਾਥੀਆਂ ਦੇ ਇਸ ਸੁਲੱਖਣੇ ਮਤੇ ਦੇ ਪੱਖ ਵਿੱਚ ਪਾ ਦਿੱਤੀ, ਪਰ ਭਾਰਤੀ ਮੀਡੀਆ ਦੇ ਵੱਡੇ ਹਿੱਸੇ ਨੇ ਇਸ ਖਬਰ ਨੂੰ ਜਾਂ ਤਾਂ ਛਾਪਣ ਤੋਂ ਗੁਰੇਜ਼ ਕੀਤਾ, ਜਾਂ ਇਸ ਤਰ੍ਹਾਂ ਪੇਸ਼ ਕੀਤੀ ਕਿ ਰਸਮ ਪੂਰੀ ਵੀ ਹੋ ਜਾਵੇ ਤੇ ਇਸ ਦੇਸ਼ ਦੇ ਲੋਕਾਂ ਨੂੰ ਗੱਲ ਦੀ ਕੋਈ ਸਮਝ ਵੀ ਨਾ ਆਵੇ। ਏਦਾਂ ਕਰਨ ਨਾਲ ਸੰਸਾਰ ਦੀ ਸੱਥ ਮੂਹਰੇ ਨੇਕ ਸੋਚ ਨਾਲ ਭਾਰਤ ਖੜੋ ਗਿਆ, ਪਰ ਇਹ ਗੱਲ ਹਿੱਕ ਠੋਕ ਕੇ ਕਹਿਣ ਤੋਂ ਵੀ ਕੰਨੀ ਕਤਰਾ ਗਿਆ, ਤਾਂ ਕਿ ਆਪਣੇ ਦੇਸ਼ ਵਿੱਚ ਚੱਲਦੇ ਵਰਤਾਰਿਆਂ ਦੇ ਗਲਤ ਵਹਿਣ ਵਿੱਚ ਕੋਈ ਅੜਿੱਕਾ ਨਾ ਪਵੇ ਅਤੇ ਏਥੇ ਸਭ ਕੁਝ ਜਿੱਦਾਂ ਚੱਲਦਾ ਹੈ, ਓਸੇ ਤਰ੍ਹਾਂ ਚੱਲਦਾ ਰਹੇ।

ਰੂਸ ਅਤੇ ਉਸ ਨਾਲ ਜੁੜੇ ਦੇਸ਼ਾਂ ਦਾ ਮਤਾ ਸਿਰਫ ਨਸਲਵਾਦ ਦਾ ਵਿਰੋਧ ਨਹੀਂ ਸੀ ਕਰਦਾ, ਇਹ ਇਸਲਾਮ ਬਾਰੇ ਗਲਤ ਧਾਰਨਾਵਾਂ ਹੇਠ ਸੰਸਾਰ ਭਰ ਵਿੱਚ ਚੱਲਦੀ ਇੱਕ ਫਿਰਕੂ ਪਾੜੇ ਨੂੰ ਵਧਾਉਣ ਵਾਲੀ ਸੋਚ ਦਾ ਵੀ ਵਿਰੋਧ ਕਰਦਾ ਸੀ ਅਤੇ ਸਾਡੇ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਚੱਲ ਰਹੀ ਈਸਾਈ ਵਿਰੋਧਤਾ ਦੀ ਵੀ ਨਿੰਦਾ ਕਰਦਾ ਸੀ। ਇਸ ਤੋਂ ਹੋਰ ਅੱਗੇ ਜਾ ਕੇ ਇਹ ਮਤਾ ਅਫਰੀਕੀ ਲੋਕਾਂ ਅਤੇ ਸਥਾਪਤ ਧਰਮਾਂ ਤੋਂ ਵੱਖਰੇ ਵਿਸ਼ਵਾਸਾਂ ਵਾਲੇ ਲੋਕਾਂ ਦਾ ਵਿਰੋਧ ਕਰਨ ਨੂੰ ਮਨੁੱਖੀ ਭਵਿੱਖ ਲਈ ਗਲਤ ਮੰਨਦਾ ਸੀ ਅਤੇ ਨਾਲ ਹਿਟਲਰ ਤੇ ਮੁਸੋਲਿਨੀ ਦੇ ਦੌਰ ਵਾਲੀ ਨਾਜ਼ੀਵਾਦੀ ਸੋਚ ਦੇ ਸੋਹਲੇ ਗਾਉਣਜਾਂ ਉਸ ਨਾਲ ਸੰਬੰਧਤ ਯਾਦਗਾਰਾਂ ਬਣਾਉਣ ਨੂੰ ਗਲਤ ਆਖਦਾ ਸੀ। ਬਾਕੀ ਸਭ ਗੱਲਾਂ ਛੱਡ ਕੇ ਸਿਰਫ ਇਟਲੀ ਦੇ ਅਜੋਕੇ ਹਾਲਾਤ ਹੀ ਵੇਖ ਲਈਏ ਤਾਂ ਉਸ ਤੋਂ ਇਸ ਮਤੇ ਦੀ ਸਾਰਥਿਕਤਾ ਪੱਲੇਪੈ ਜਾਂਦੀ ਹੈ। ਬੀਤੇ ਦਿਨੀਂ ਇਟਲੀ ਵਿੱਚ ਹੋਈਆਂ ਚੋਣਾਂ ਵਿੱਚ ਜਿਹੜੀ ਬੀਬੀ ਜਾਰਜੀਆ ਮੇਲੋਨੀ ਜਿੱਤ ਕੇ ਪ੍ਰਧਾਨ ਮੰਤਰੀ ਬਣੀ ਹੈ, ਉਹ ਅਸਲੋਂ ਸੱਜੇ ਪੱਖ ਦੀ ਰਾਜਨੀਤੀ ਕਰਨ ਵਾਲੀ ਹੈ ਅਤੇ ਉਸ ਦੇ ਪਿਛਲੱਗਾਂ ਵਿੱਚ ਵੱਡੀ ਗਿਣਤੀ ਹਿਟਲਰ ਅਤੇ ਮੁਸੋਲਿਨੀ ਦੇ ਵਕਤਾਂ ਦੀ ਨਾਜ਼ੀ ਸੋਚਣੀ ਨੂੰ ਦਿਲੋਂ ਮਾਨਤਾ ਦੇਣ ਵਾਲੀ ਹੈ। ਪਿਛਲੇ ਦਿਨੀਂ ਉਸ ਨੇ ਗਲੈਜ਼ੋ ਬਿਗਨਾਮੀ ਨਾਂਅ ਦਾਇੱਕ ਮੰਤਰੀ ਬਣਾਇਆ ਹੈ, ਜਿਹੜਾ ਨਾਜ਼ੀ-ਪੱਖੀ ਮੁਜ਼ਾਹਰਿਆਂ ਵਿੱਚ ਨਾਜ਼ੀਆਂ ਦਾ ਬੈਜ ਸਵਾਸਤਿਕਾ ਆਪਣੇ ਮੋਢੇ ਉੱਤੇ ਲਾ ਕੇ ਸ਼ਾਮਲ ਹੁੰਦਾ ਰਿਹਾ ਹੈ। ਇਸ ਗੱਲ ਦਾ ਸੰਸਾਰ ਭਰ ਦੇ ਉਨ੍ਹਾਂ ਲੋਕਾਂ ਵਿੱਚ ਰੋਸ ਹੈ, ਜਿਨ੍ਹਾਂ ਨੇ ਖੁਦ ਜਾਂ ਉਨ੍ਹਾਂ ਦੇ ਵੱਡਿਆਂ ਨੇ ਨਾਜ਼ੀਵਾਦੀ ਕਹਿਰ ਝੱਲਿਆ ਹੋਇਆ ਸੀ ਜਾਂ ਜਿਹੜੇ ਇਸ ਦੀ ਉਠਾਣ ਦੇ ਭਵਿੱਖੀ ਖਤਰੇ ਬਾਰੇ ਸੋਚ ਸਕਦੇ ਹਨ। ਇਟਲੀ ਦੀ ਆਗੂ ਵੱਲੋਂ ਨਾਜ਼ੀਵਾਦ ਨੂੰ ਦਿੱਤੀ ਗਈ ਏਹੋ ਜਿਹੀ ਸ਼ਹਿ ਕਈ ਹੋਰ ਦੇਸ਼ਾਂ ਵਿੱਚ ਇਸ ਦੇ ਉਭਾਰ ਦਾ ਕਾਰਨ ਬਣ ਸਕਦੀ ਹੈ।

ਭਾਰਤ ਸਮੇਤ ਦੁਨੀਆ ਦੇ ਇੱਕ ਸੌ ਪੰਜ ਦੇਸ਼ਾਂ ਦੀ ਹਮਾਇਤ ਨਾਲ ਪਾਸ ਕੀਤੇ ਗਏ ਮਤੇ ਵਿੱਚ ਵੱਡੀ ਗੱਲ ਇਹ ਵੀ ਹੈ ਕਿ ਦੁਨੀਆ ਭਰ ਵਿੱਚ 'ਬਾਹਰੋਂ ਆਏ' ਲੋਕਾਂ ਦੇ ਵਿਰੋਧ ਨੂੰ ਗਲਤ ਕਿਹਾ ਗਿਆ ਹੈ। ਅੱਜਕੱਲ੍ਹ ਇਹ ਰੁਝਾਨ ਜ਼ੋਰਾਂ ਉੱਤੇ ਹੈ ਕਿ ਜਿਹੜਾ ਵੀ ਵਿਅਕਤੀ ਕਿਸੇ ਦੂਸਰੇ ਦੇਸ਼ ਜਾਂ ਫਿਰ ਆਪਣੇ ਹੀ ਦੇਸ਼ ਦੇ ਕਿਸੇ ਦੂਸਰੇ ਰਾਜ ਵਿਚਲੀ ਮਾੜੀ ਹਾਲਤ ਤੋਂ ਤੰਗ ਆ ਕੇ ਦੂਸਰੇ ਦੇਸ਼ ਜਾਂ ਆਪਣੇ ਹੀ ਦੇਸ਼ ਦੇ ਦੂਸਰੇ ਰਾਜ ਵੱਲ ਚਲਾ ਜਾਂਦਾ ਹੈ, ਉਸ ਨੂੰ ਖਾਸ ਕਿਸਮ ਦੀ ਨਫਰਤ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਅਮਰੀਕਾ, ਇੰਗਲੈਂਡ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵੱਲ ਗਏ ਸਾਡੇ ਭਾਰਤੀ ਲੋਕ ਏਦਾਂ ਦਾ ਨਸਲਵਾਦ ਕਈ ਵਾਰੀ ਝੱਲ ਚੁੱਕੇ ਹਨ। ਉਨ੍ਹਾਂ ਦੇਸ਼ਾਂ ਦੇ ਮੂਲ ਵਾਸੀ ਗੋਰਿਆਂ ਨੂੰ ਇਹ ਆਪਣੇ ਦੇਸ਼ ਵਿੱਚ 'ਬਾਹਰੋਂ ਆਏ' ਲੋਕਾਂ ਦੀ ਘੁਸਪੈਠ ਜਾਪਦੀ ਹੈ, ਜਦ ਕਿ ਆਦਿ ਕਾਲ ਤੋਂ ਆਪਣੀ ਹੋਂਦ ਕਾਇਮ ਰੱਖਣ ਵਾਸਤੇ ਮਨੁੱਖ ਇੱਕ ਤੋਂ ਦੂਸਰੀ ਥਾਂ ਪਰਵਾਸ ਕਰਦਾ ਰਿਹਾ ਹੈ। ਖੁਦ ਗੋਰੀ ਚਮੜੀ ਵਾਲੇ ਲੋਕ ਆਪਣੇ ਮੂਲ ਯੂਰਪੀ ਦੇਸ਼ਾਂ ਤੋਂ ਦੁਨੀਆ ਭਰ ਵਿੱਚ ਫੈਲ ਗਏ ਸਨ ਅਤੇ ਉਹ ਜਿੱਥੇ ਵੀ ਗਏ, ਓਥੇ ਕੋਈ ਛੋਟਾ ਜਿਹਾ ਲੰਡਨ, ਕਿਤੇ ਕੋਈ ਛੋਟਾ-ਵੱਡਾ ਜਾਰਜੀਆ, ਕੋਲੰਬੀਆ ਜਾਂ ਹੈਮਿਲਟਨ ਵਸਾ ਲੈਂਦੇ ਰਹੇ ਸਨ। ਜਦੋਂ ਕੋਲੰਬਸ ਤੋਂ ਤੁਰਦੇ ਹੋਏ ਗੋਰਿਆਂ ਦੇ ਵਡੇਰੇ ਸਾਰੀ ਦੁਨੀਆ ਵਿੱਚ ਛਾ ਗਏ ਸਨ, ਉਹ ਠੀਕ ਸਮਝੇ ਜਾਂਦੇ ਹਨ, ਪਰ ਜਦੋਂ ਦੂਸਰੀ ਚਮੜੀ ਵਾਲੇ ਲੋਕ ਗੋਰਿਆਂ ਦੇ ਦੇਸ਼ਾਂ ਵਿੱਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਉੱਤੇ ਹਮਲਾ ਜਾਪਣ ਲੱਗ ਜਾਂਦਾ ਹੈ। ਸਦੀਆਂ ਤੱਕ ਉਨ੍ਹਾਂ ਨੇਕਾਲੇ ਲੋਕ ਆਪਣੇ ਗੁਲਾਮ ਬਣਾ ਕੇ ਉਨ੍ਹਾਂ ਨਾਲ ਜਾਨਵਰਾਂ ਵਰਗਾ ਸਲੂਕ ਕੀਤਾ ਸੀ, ਪਰ ਅੱਜ ਜਦੋਂ ਉਹ ਹੀ ਦੱਬੇ-ਕੁਚਲੇ ਲੋਕ ਆਪਣੀ ਹਿੰਮਤ ਅਤੇ ਲੋਕਤੰਤਰੀ ਰਿਵਾਇਤਾਂ ਸਦਕਾ ਇਨ੍ਹਾਂ ਨਾਲ ਬਰਾਬਰੀ ਦਾ ਯਤਨ ਕਰਨ ਜੋਗੇ ਹੋਣ ਲੱਗੇ ਹਨ ਤਾਂ ਇਨ੍ਹਾਂ ਤੋਂ ਉਨ੍ਹਾਂ ਦੀ ਅੱਗੇ ਵਧਣ ਦੀ ਭਾਵਨਾ ਸਹਾਰੀ ਨਹੀਂ ਜਾਂਦੀ। ਏਸੇ ਤਰ੍ਹਾਂ ਦਾ ਵਿਹਾਰ ਉਨ੍ਹਾਂ ਏਸ਼ੀਅਨ ਮੂਲ ਦੇ ਲੋਕਾਂ ਨਾਲ ਵੀ ਕੀਤਾ ਜਾਂਦਾ ਹੈ, ਜਿਹੜੇ ਨਾ ਗੋਰੇ ਹਨ, ਨਾ ਕਾਲੇ, ਅੱਧ-ਵਿਚਾਲੇ ਦੀ ਰੰਗਤ ਵਾਲੇ ਹਨ। ਰੂਸ ਅਤੇ ਤੀਹ ਹੋਰ ਦੇਸ਼ ਜਿਹੜਾ ਮਤਾ ਲਿਆਏ ਹਨ, ਉਸ ਮਤੇ ਵਿੱਚ ਇੱਕ ਸ਼ਬਦ 'ਜ਼ੇਨੋਫੋਬਿਕ' (ਣਏਨੋ-ਪਹੋਬਚਿ) ਵਰਤਿਆ ਗਿਆ ਹੈ, ਜਿਸ ਦਾ ਅਰਥ ਹੈ ਕਿ ਉਨ੍ਹਾਂ ਲੋਕਾਂ ਨਾਲ ਕਿਸੇ ਵੀ ਤਰ੍ਹਾਂ ਦੀ ਨਫਰਤ ਜਾਂ ਡਰ ਪੈਦਾ ਕਰਨਾ, ਜਿਨ੍ਹਾਂ ਨੂੰ ਵਿਦੇਸ਼ੀ ਜਾਂ ਓਪਰੇ ਮੰਨਿਆ ਤੇ ਪ੍ਰਚਾਰਿਆ ਜਾਂਦਾ ਹੈ। ਸਾਡੇ ਭਾਰਤੀ ਮੂਲ ਦੇ ਲੋਕਾਂ ਨਾਲ ਅਮਰੀਕਾ ਵਰਗੇ ਕਈ ਦੇਸ਼ਾਂ ਵਿੱਚ ਏਦਾਂ ਦਾ ਨਸਲਵਾਦੀ ਵਿਹਾਰ ਹੋਣ ਦੀਆਂ ਖਬਰਾਂ ਨਿੱਤ ਦਿਨ ਆਉਂਦੀਆਂ ਰਹਿੰਦੀਆਂ ਹਨ, ਜਿਸ ਨੂੰ ਰੂਸ ਦੇ ਮਤੇ ਵਿੱਚ ਨਿੰਦਿਆ ਗਿਆ ਹੈ।

ਸਵਾਲ ਇਹ ਉੱਠਦਾ ਹੈ ਕਿ ਕੀ ਇਹ ਮਤਾ ਦੁਨੀਆ ਭਰ ਵਿੱਚ ਨਸਲਵਾਦ, ਨਾਜ਼ੀਵਾਦ ਜਾਂ 'ਬਾਹਰੀ ਲੋਕ' ਹੋਣ ਦੇ ਠੱਪੇ ਦੀ ਮਾਰ ਹੇਠ ਆਉਂਦੇ ਲੋਕਾਂ ਦੀ ਹਮਾਇਤ ਵਾਲਾ ਸੀ ਜਾਂ ਰੂਸ ਦੀਆਂ ਜੰਗੀ ਲੋੜਾਂ ਦੀ ਪੂਰਤੀ ਵਾਲਾ? ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ ਜੋ ਮਰਜ਼ੀ ਆਖੀ ਜਾਣ, ਦੁਨੀਆ ਭਰ ਵਿੱਚ ਉੱਠ ਰਹੇ ਨਸਲਵਾਦੀ ਅਤੇ 'ਆਪਣੀ ਧਰਤੀ' ਦੇ ਵਰਤਾਰਿਆਂ ਵਿਰੁੱਧ ਇਹ ਮਤਾ ਇਸ ਸਮੇਂ ਦੀ ਲੋੜ ਸੀ। ਯੂਕਰੇਨ ਨਾਲ ਰੂਸ ਦੀ ਜੰਗ ਵੱਖਰਾ ਮੁੱਦਾ ਹੈ। ਭਾਰਤ ਨੇ ਕਦੇ ਵੀ ਯੂਕਰੇਨ ਨਾਲ ਰੂਸ ਦੀ ਜੰਗ ਠੀਕ ਨਹੀਂ ਮੰਨੀ ਅਤੇ ਆਮ ਤੌਰ ਉੱਤੇ ਕਿਸੇ ਵੀ ਮਤੇ ਉੱਤੇ ਨਿਰਪੱਖ ਰਹਿ ਕੇ ਆਪਣੀ ਆਜ਼ਾਦ ਹੋਂਦ ਪ੍ਰਗਟ ਕਰਦਾ ਰਿਹਾ ਹੈ। ਕਦੇ ਕਿਸੇ ਮਤੇ ਉੱਤੇ ਉਸ ਨੇ ਅਮਰੀਕੀਆਂ ਨਾਲ ਰੂਸ ਦੇ ਵਿਰੁੱਧ ਵੋਟ ਵੀ ਪਾਈ ਹੈ ਤੇ ਕਦੀ ਰੂਸ ਵੱਲੋਂ ਪੇਸ਼ ਕੀਤੇ ਕਿਸੇ ਮਤੇ ਦੀ ਹਮਾਇਤ ਵੀ ਕੀਤੀ ਹੈ ਅਤੇ ਹਰ ਵਾਰੀ ਹਮਾਇਤ ਅਤੇ ਵਿਰੋਧ ਦਾ ਕਾਰਨ ਵੀ ਸਾਫ ਸ਼ਬਦਾਂ ਵਿੱਚ ਦੱਸਿਆ ਹੈ। ਇਸ ਵਾਰੀ ਵੀ ਉਸ ਨੇ ਰੂਸ ਸਣੇ ਇਕੱਤੀ ਦੇਸ਼ਾਂ ਵੱਲੋਂ ਪੇਸ਼ ਕੀਤੇ ਗਏ ਮਤੇ ਦੀ ਹਮਾਇਤ ਕਰ ਕੇ ਗਲਤ ਨਹੀਂ ਕੀਤਾ, ਪਰ ਇਸ ਮਤੇ ਬਾਰੇ ਭਾਰਤ ਵਿੱਚ ਭਾਰਤ ਸਰਕਾਰ ਅਤੇ ਭਾਰਤੀ ਮੀਡੀਏ ਦੀ ਚੁੱਪ ਦਾ ਕਾਰਨ ਕਿਸੇ ਦੇ ਸਮਝ ਨਹੀਂ ਪੈ ਸਕਦਾ। ਠੀਕ ਕੰਮ ਕਰਨ ਦੇ ਬਾਅਦ ਚੁੱਪ ਰਹਿਣਾ ਇਹ ਦੱਸਦਾ ਹੈ ਕਿ ਭਾਰਤ ਨੇ ਇਸ ਮਤੇ ਦੀ ਹਮਾਇਤ ਦੁਨੀਆ ਦੀ ਸੱਥ ਵਿੱਚ ਆਪਣੇ ਆਪ ਨੂੰ ਠੀਕ ਪਾਸੇ ਖੜੋਤਾ ਦੱਸਣ ਲਈ ਭਾਵੇਂ ਕਰ ਦਿੱਤੀ ਹੈ, ਭਾਰਤ ਵਿੱਚ ਇਨ੍ਹਾਂ ਗੱਲਾਂ ਲਈ ਖੁੱਲ੍ਹ ਕੇ ਖੜੋਣ ਦੀ ਲੋੜ ਨਹੀਂ ਸਮਝਦਾ। ਇਹ ਸੋਚਣੀ ਵੋਟ-ਰਾਜਨੀਤੀ ਦੇ ਕਾਰਨ ਚੱਲਦੀ ਹੋ ਸਕਦੀ ਹੈ ਅਤੇ ਜਦੋਂ ਗੁਜਰਾਤ ਵਰਗੇ ਸੰਵੇਦਨਸ਼ੀਲ ਰਾਜ ਵਿੱਚ ਵੋਟਾਂ ਲਈ ਜੰਗ ਚੱਲ ਰਹੀ ਹੋਵੇ ਤਾਂ ਕਾਰਨ ਕੋਈ ਵੀ ਰਿਹਾ ਹੋਵੇ, ਇਸ ਨੀਤੀ ਨੂੰ ਉਸ ਚੋਣ ਪ੍ਰਕਿਰਿਆ ਤੋਂ ਵੱਖਰਾ ਕਰ ਕੇ ਨਹੀਂ ਵੇਖਿਆ ਜਾ ਸਕਦਾ।

# ਮੈਗਾ ਕਾਨੂੰਨੀ ਸਹਾਇਤਾ ਕੈਂਪ ਸਫ਼ਲਤਾਪੂਰਵਕ ਸੰਪੰਨ, 800 ਦੇ ਕਰੀਬ ਦਰਖਾਸਤਾਂ ਦਾ ਮੌਕੇ ਤੇ ਕੀਤਾ ਨਿਪਟਾਰਾ



ਮੋਗਾ, 13 ਨਵੰਬਰ(ਗਿਆਨ ਸਿੰਘ)- ਨੈਸ਼ਨਲ ਲੀਗਲ ਸਰਵਿਸਸ ਅਥਾਰਟੀ, ਨਵੀਂ ਦਿੱਲੀ ਦੁਆਰਾ ਪੈਨ ਇੰਡੀਆ ਮੁਹਿੰਮ ਲਾਂਚ ਕੀਤੀ ਗਈ ਹੈ ਅਤੇ ਇਨ੍ਹਾਂ ਤਹਿਤ ਲੋਕਾਂ ਨੂੰ ਕਾਨੂੰਨੀ ਜਾਣਕਾਰੀ ਤੇ ਉਨ੍ਹਾਂ ਦੀ ਸੁਵਿਧਾ ਲਈ ਮੈਗਾ ਕਾਨੂੰਨੀ ਜਾਗਰੂਕਤਾ ਅਤੇ ਸੇਵਾਵਾਂ ਕੈਂਪ ਲਗਾਏ ਜਾ ਰਹੇ ਹਨ।

ਇਸ ਪ੍ਰੋਗਰਾਮ ਤਹਿਤ ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ, ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ।ਏ।ਐੱਸ ਦੇ ਹੁਕਮਾਂ ਤਹਿਤ ਮੈਡਮ ਮਨਦੀਪ ਪੰਨੂੰ ਜੀ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੈਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਅੱਜ ਸਰਕਾਰੀ ਆਈ।ਟੀ।ਆਈ। ਵਿਖੇ ਜ਼ਿਲ੍ਹਾ ਪ੍ਰਸ਼ਾਸਨ ਮੋਗਾ ਦੇ ਸਹਿਯੋਗ ਨਾਲ ਇੱਕ ਮੈਗਾ ਲੀਗਲ ਸਰਵਿਸਜ਼ ਕੈਂਪ ਦਾ ਆਯੋਜਨ ਕੀਤਾ ਗਿਆ।

ਇਸ ਕੈਂਪ ਵਿੱਚ ਜ਼ਿਲ੍ਹਾ ਅਤੇ ਸ਼ੈਸ਼ਨ ਜੱਜ ਮੈਡਮ ਮਨਦੀਪ ਪੰਨੂੰ ਬਤੌਰ ਮੁੱਖ ਮਹਿਮਾਨ ਅਤੇ ਮਾਣਯੋਗ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ-1 ਮੋਗਾ ਸ਼੍ਰੀ ਅਤੁਲ ਕਸਾਨਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਕੈਂਪ ਦੀ ਸ਼ੁਰੂਆਤ ਸ਼ਮਾ ਰੁਸ਼ਨਾ ਕੇ ਕੀਤੀ। ਇਸ ਕੈਂਪ ਵਿੱਚ ਡਿਪਟੀ ਕਮਿਸ਼ਨਰ ਮੋਗਾ ਸ੍ਰ। ਕੁਲਵੰਤ ਸਿੰਘ ਅਤੇ ਐਸ।ਪੀ ਮੋਗਾ ਸ਼੍ਰੀ ਅਜੈ ਰਾਜ ਸਿੰਘ ਨੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਸ਼ਮੂਲੀਅਤ ਕੀਤੀ।

ਇਸ ਕੈਂਪ ਵਿੱਚ ਪੰਜਾਬ ਸਰਕਾਰ ਦੇ ਵੱਖ-ਵੱਖ 20 ਵਿਭਾਗਾਂ ਵੱਲੋਂ ਹਿੱਸਾ ਲਿਆ ਗਿਆ ਅਤੇ ਆਮ ਲੋਕਾਂ ਦੀ ਸਹੂਲਤ ਅਤੇ ਹੋਰ ਸਰਕਾਰੀ ਸਕੀਮਾਂ ਦਾ ਲਾਭ ਮੁਹੱਈਆ ਕਰਵਾਉਣ ਲਈ ਆਪਣੇ-ਆਪਣੇ ਸਟਾਲ/ਹੈਲਪ ਡੈਸਕ ਲਗਾਏ ਗਏ। ਇਨ੍ਹਾਂ ਹੈਲਪ ਡੈਸਕਾਂ ਵਿੱਚ ਵੱਖ ਵੱਖ ਵਿਭਾਗਾਂ ਵੱਲੋਂ ਲਗਭਗ 800 ਦੇ ਕਰੀਬ ਦਰਖਾਸਤਾਂ ਦਾ ਮੌਕੇ ਤੇ ਨਿਪਟਾਰਾ ਕੀਤਾ ਗਿਆ। ਇਸ ਕੈਂਪ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਵੱਲੋਂ ਵੀ ਹੈਲਪ ਡੈਸਕ ਲਗਾਏ ਗਏ ਅਤੇ ਕੈਂਪ ਦੌਰਾਨ ਆਮ ਲੋਕਾਂ ਨੂੰ ਨਾਲਸਾ ਅਤੇ ਹੋਰ ਸਰਕਾਰੀ ਸਕੀਮਾਂ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਦੇ ਨਾਲ ਹੀ ਇਹਨਾਂ ਸਕੀਮਾਂ ਸਬੰਧੀ ਫਾਰਮ ਭਰਵਾਏ ਗਏ।

ਮਾਣਯੋਗ ਸੈਸ਼ਨ ਜੱਜ ਸਾਹਿਬ ਨੇ ਹਾਜ਼ਰੀਨ ਨੂੰ ਜੀ ਆਇਆ ਨੂੰ ਕਹਿੰਦਿਆਂ ਜਾਣਕਾਰੀ ਦਿੱਤੀ ਕਿ ਅੱਜ ਦਾ ਇਹ ਮੈਗਾ ਕੈਂਪ ਮਾਣਯੋਗ ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਦੇ ਦਿਸ਼ਾਂ ਨਿਰਦੇਸ਼ਾਂ ਹੇਠ ਅਤੇ ਪੈਨ ਇੰਡੀਆਂ ਅਵੇਰਨੈਸ ਕੰਪੈਨ ਦੇ ਤਹਿਤ ਲਗਾਇਆ ਗਿਆ ਹੈ। ਇਸ ਮੁਹਿੰਮ ਅਤੇ ਮੈਗਾ ਕੈਂਪ ਦਾ ਮੁੱਖ ਮਕਸਦ ਜ਼ਮੀਨੀ ਪੱਧਰ ਤੇ ਲੋਕਾਂ ਨੂੰ ਇਹ ਜਾਣੂ ਕਰਾਉਣਾ ਹੈ ਕਿ ਕਿਹੜੇ ਵਿਅਕਤੀ ਹਨ ਜੋ ਮੁਫ਼ਤ ਕਾਨੂੰਨੀ ਸਹਾਇਤਾ ਤੇ ਹੋਰ ਮੁਆਵਜ਼ਾ ਸਕੀਮਾਂ ਦੇ ਹੱਕਦਾਰ ਹਨ।

## Change of Name

I, **Parmjit Kaur Bhathal, R/O V.P.O. Hardaspur, District Kapurthala, Tehsil Phagwara, Punjab, India,** Currently living at **19 Paddington Rd, Brampton, ON, L6P 2E3, Canada,** have changed my name to **Paramajit Kaur Bhathal.** Henceforth, I shall be known as **Paramjit Kaur Bhathal** for all purposes.

ਕੈਨੇਡੀਅਨ ਪੰਜਾਬੀ ਪੋਸਟ CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

A-One Drivers TRAINING SCHOOL



G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days a Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com
ਹਰਜੀਤ ਧਨੋਆ

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Visions of Punjab



Natasha Mahal
Co-Host

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host

Serving the South Asian Community Since 1976

## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
HOUSE FOR LEASE IN CALEDON
KENNEDY/ NEW HOUSE/ DOUGALL AVE.
* 2500-3000 sq feet ਦਾ Detached ਘਰ
* $3,700/month (4 ਬੈੱਡਰੂਮ + 1 ਡੇਨ+ 4 ਵਾਸ਼ਰੂਮ)
* ਮੇਨ ਫਲੋਰ ਤੇ 10 ਫੁੱਟ ਦੀ ਸੀਲੀਂਗ
* 2nd ਫਲੋਰ ਤੇ 9 ਫੁੱਟ ਦੀ ਸੀਲੀਂਗ
* ਪੂਰਾ ਘਰ $4700/month with unfurnished ਬੇਸਮੇਂਟ
* HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
* 1ਸਾਲ ਦੀ Lease, Credit Report, Full Rental App.
* First & Last month + Key Deposit
LISTED IN BRAMPTON
MAYFIELD / MCLAUGHLIN
* Detached ਘਰ ਬਹੁਤ ਹੀ ਸੁੰਦਰ ਏਰੀਏ ਵਿੱਚ
* 3+1 ਬੈੱਡਰੂਮ + 4 ਵਾਸ਼ਰੂਮ
* 1 ਬੈੱਡਰੂਮ Legal Finished Basement with Seperate Entrance
* 9 ਫੁੱਟ ਦੀ ਸੀਲੀਂਗ
* ਸਟੈਂਡਰਡ ਓਕ ਸਟੈਅਰ ਕੇਸ
* ਮੇਨ ਕਮਰੇ ਵਿਚ ਸਟੇਨਡ ਹਾਰਡਵੁੱਡ
* ਗ੍ਰੇਨਾਈਟ ਕਾਊਂਟਰਟੌਪਸ ਨਾਲ ਅਪਗ੍ਰੇਡ ਕੀਤੀ ਕਿਚਨ
* ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੁਏਟ ਅਤੇ ਵਾਕ ਇਨ ਅਲਮਾਰੀ
* HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
LISTED IN BRAMPTON
CASTLEMORE/ HUMBERWEST/AIRPORT
* 1500-2000 sq feet ਦਾ ਘਰ
* 3+1 ਬੈੱਡਰੂਮ + 4 ਵਾਸ਼ਰੂਮ + 2 ਕਿਚਨ with Legal Finished ਬੇਸਮੈਂਟ ਅਪਾਰਟਮੈਂਟ with Seperate Entrance
* ਬੇਸਮੈਂਟ $1300 ਦੇ ਕਰਿਾਏ' ਤੇ ਦਿਤੀ ਹੈ
* Extended ਡਰਾਈਵਵੇਅ
* ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੁਏਟ ਅਤੇ ਵਾਕ ਇਨ ਅਲਮਾਰੀ
FREE
✓ Full MLS Services
✓ Consistently Marketing Your Property Until SOLD
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
✓ Competitive Rates, Exceptional Service & Award Winning Results
RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022


REXDALE BODY SHOP
USED CAR SALE
Specialization In:
All Kinds of Body Work
Auto Glass Windshield
Denting, Painting & Welding
SPECIAL PAINT JOB $779
RENTAL CAR PROVIDED
CHEEMA
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com


Tri-City
Professional Realty Inc., Brokerage
The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
SOLD
$1,399,999
CASTLEMORE/GOREWAY
SOLD
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866
SOLD
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਉਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੇਂਟ ਵਿਚ ਸੈਪਰੇਟ ਐਂਟਰੇਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਉਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017